# ਕਿਰਤੀ ਮਸ਼ਾਲ

ਡਾ. ਤਾਰਾ ਸਿੰਘ ਆਲਮ



Mr. Sandhu, Dr. T.S. Aalam, Prof. G.S. Gill



A.S. Chandi, Kakaji, Miss Jini, Imroz, Amrita Pritam, A.S. Saund, Dr. T.S. Aalam




Mrs. A.S. Saund, Dr. R. Kaur, Amrita's lover, Gurdeep Sahil, Imroz, Dr. T.S. Aalam



Dr. T.S. Aalam, Gurdeep Sahil, Imroz, Dr. R. Kaur

# ਇਕ ਮੁੱਠੀ ਅਸਮਾਨ

(ਕਾਵਿ ਸੰਗ੍ਰਹਿ)

# EK MUTHI ASMAAN

**HEAVEN IN HAND**

**(POEMS)**

ਡਾ: ਤਾਰਾ ਸਿੰਘ ''ਆਲਮ''

**Dr. Tara Singh "Aalam"**

# ਮੇਰੇ ਸਾਗਰ ਮੇਰੇ ਪ੍ਰਭੂ ਜੀਓ

ਮੇਰੇ ਸਾਗਰ ਮੇਰੇ ਪ੍ਰਭੂ ਜੀਓ, ਤੁਸੀਂ ਆਪਣੀ ਅਪਾਰ ਬਖਸ਼ਸ਼ ਦੁਆਰਾ ਆਪਣੇ ਪਿਆਰਿਆਂ ਦੀ, ਉੱਨਤੀ ਦੇ ਲਈ ਭਜਨ-ਗੀਤ ਲਿਖਵਾਏ ਹਨ, ਆਪਣੀ ਰੂਹਾਨੀ ਮੁਹੱਬਤ ਦੇ ਪਾਤਰ ਅਭਿਲਾਸ਼ ਤੇ ਆਪ ਆਪਣੀ ਕ੍ਰਿਪਾ ਕਰਵਾਈ ਹੈ। ਇਹ ਸਾਰੀਆਂ ਰਚਨਾਵਾਂ ਦੀ ਡੂੰਘੀ ਮਹਿਕ, ਤੇਰਾ ਨਾਮ ਗਾਉਣ ਵਾਲਿਆਂ ਸੁਣਨ ਵਾਲਿਆਂ ਲਈ, ਰਚਨਾਵਾਂ ਦੇ ਜ਼ਰੀਏ ਸਤਿਕਾਰਪੂਰਵਕ ਪ੍ਰਭੂ ਜੀ ਭੇਜਦਾ ਹਾਂ।

# ਵਿਸ਼ੇ-ਸੂਚੀ


| | |
|---|---|
| ਧਰਤੀ ਅੰਬਰ ਬਾਪੂ ਮਾਂ | 15 |
| ਇਕ ਮੁੱਠੀ ਅਸਮਾਨ | 17 |
| ਮਸੀਹੇ ਸਭ ਬੀਮਾਰ ਨੇ | 18 |
| ਤੇਰਾ ਪਿਆਰ | 19 |
| ਸਭ ਦਾ ਸਾਂਝਾ ਗੁਰੂ ਗ੍ਰੰਥ ਹੈ | 21 |
| ਧੰਨ ਧੰਨ ਬਾਬਾ ਨੰਦ ਸਿੰਘ ਜੀ | 23 |
| ਮੇਰੇ ਈਸ਼ਰ ਮੇਰੇ ਬਾਬਾ | 25 |
| ਈਸ਼ਰ ਨਾਲ ਮਿਲਾ ਦੇ | 26 |
| ਪਿਆਰੇ ਬਾਬਾ ਜੀ ਬਾਬਾ ਈਸ਼ਰ ਸਿੰਘ ਜੀ | 27 |
| ਗੁਰੂ ਨਾਨਕ ਦੇ ਕਾਲਜ | 29 |
| ਚੰਨ ਬਣਾਂਗੇ | 30 |
| ਏਹ ਤਾਂ ਤੇਰਾ ਦੇਸ ਨਹੀਂ ਹੈ | 31 |
| ਬਾਹ ਕੋਈ ਨਾ | 32 |
| ਸੁਣ ਵੇ ਮਨਾ | 33 |
| ਜੱਗ ਦੀ ਸ਼ਾਨ ਹੈ ਲਾਲੋ | 34 |
| ਸਾਹਾਂ ਦੀ ਪੂੰਜੀ | 35 |
| ਸ਼ੈਤਾਨ ਮਿੱਟੀ ਦਾ | 36 |
| ਨਾਨਕ ਨੂਰਾਨੀ | 37 |
| ਗਿਆਨ ਦਾ ਚਾਨਣ | 38 |
| ਅੰਬਰ ਤੈਨੂੰ ਧਰਤੀ ਆਖਾਂ | 39 |
| ਸਿਰਾਂ ਦਾ ਮੁੱਲ ਹੈ ਪੈਣਾ | 40 |
| ਦਸਾਂ ਜਾਮਿਆ 'ਚ ਗੁਰੂ ਨਾਨਕ | 41 |
| ਸਾਂਝਾ ਪੀਰ ਹੈ ਸਾਰੇ ਜਹਾਨ ਦਾ | 42 |
| ਤੈਨੂੰ ਮਿਲੇਗਾ ਰਾਹ | 43 |
| ਜਗ ਵਾਲਾ ਮੇਲਾ | 44 |
| ਨਾਨਕ ਸੁਣ ਸੁਣ ਜੀਵਾਂ | 45 |
| ਸੁਰ ਰਬਾਬ ਦੀ | 47 |
| ਸਾਂਝਾ ਗੁਰੂ ਨਾਨਕ | 48 |
| ਮੈਂ ਭੀਖਕ | 51 |
| ਸੰਤ ਸਿਪਾਹੀ ਤੇ ਸਰਦਾਰ | 52 |
| ਸਾਡੇ ਮੱਥੇ ਰੱਬ ਲਿਖਿਆ | 53 |
| ਦੁਨੀਆਂ ਏਹ ਸਰਾਂ | 54 |
| ਸਾਹਾਂ ਦੇ ਲਾਲ | 55 |
| ਆਲਮ ਦੀ ਭੀੜ | 56 |

# ਮੁੱਖਬੰਧ

ਪੰਜਾਬੀ ਕਵਿਤਾ ਨੇ ਆਪਣੇ ਅੱਠ ਸਦੀਆਂ ਲੰਮੇ ਸਫਰ ਦਾ ਆਰੰਭ ਪ੍ਰਭੂ ਪ੍ਰੇਮ ਅਤੇ ਪ੍ਰਭੂ ਮਿਲਾਪ ਤੜਪ ਤੋਂ ਕੀਤਾ ਸੀ। ਆਦਿ ਕਵੀ ਬਾਬਾ ਫਰੀਦ ਦਾ ਬਿਰਹਾ ਪੰਜਾਬੀ ਕਵਿਤਾ ਵਿਚ ਹੁਣ ਤੀਕ ਨਿਰੰਤਰ ਦ੍ਰਿਸ਼ਟਮਾਨ ਹੋ ਰਿਹਾ ਹੈ। ਸਦੀਆਂ ਦੇ ਪੈਂਡੇ ਕਰਦੀ ਕਰਦੀ ਪੰਜਾਬੀ ਕਵਿਤਾ ਕਿਤੇ ਆਪਣੇ ਸਰੂਪ ਨੂੰ ਬਦਲਦੀ ਹੋਈ ਵਕਤ ਦੀ ਹਕੂਮਤ ਨੂੰ ਵੰਗਾਰਣ ਲੱਗੀ ਕਿਤੇ ਪਰਚਲਤ ਰੀਤੀ ਰਿਵਾਜਾਂ ਨੂੰ। ਸ਼ਾਇਦ ਵਿਸ਼ਵ ਕਵਿਤਾ ਵਿਚ ਇਹ ਵੱਖਰੀ ਪਛਾਣ ਸਿਰਫ ਪੰਜਾਬੀ ਕਵਿਤਾ ਨੂੰ ਹੀ ਨਸੀਬ ਹੈ ਕਿ ਇਸ ਦੀ ਪ੍ਰਧਾਨ ਸੁਰ ਹਮੇਸ਼ਾਂ ਹੀ ਬਾਗੀ ਸੋਚ ਵਾਲੀ ਰਹੀ ਹੈ। ਉਲਟ ਵਗਦੀਆਂ ਹਵਾਵਾਂ ਦੇ ਖਿਲਾਫ ਪੰਜਾਬੀ ਕਵਿਤਾ ਨੇ ਹਮੇਸ਼ਾਂ ਹੀ ਆਪਣਾ/ਪਰਚਮ ਲਹਿਰਾਇਆ ਹੈ।

ਡਾ: ਤਾਰਾ ਸਿੰਘ ਆਲਮ ਪਿਛਲੇ 30 ਸਾਲਾਂ ਤੋਂ ਪੰਜਾਬੀ ਕਵਿਤਾ ਦੇ ਖੇਤਰ ਵਿਚ ਆਪਣੀ ਸਿਰਜਣਾ ਕਾਰਨ ਚਰਚਿਤ ਰਿਹਾ ਹੈ। ਅਗਾਂਹਵਧੂ ਸੋਚ ਦਾ ਧਾਰਨੀ ਹੋਣ ਕਾਰਨ ਉਸ ਦੀ ਕਵਿਤਾ ਦੀ ਪ੍ਰਥਮ ਪਛਾਣ ਪਿਆਸ ਸੀ ਅਤੇ ਇਹ ਪਿਆਸ ਜਿਥੇ ਉਸ ਆਦਰਸ਼ ਦੀ ਸਿਖਰਲੀ ਪ੍ਰਾਪਤੀ ਪ੍ਰਤੀ ਸੀ ਉਥੇ ਇਹ ਵਿਸ਼ਾਲ ਜਨ-ਸਮੂਹ ਦੀਆਂ ਰੀਝਾਂ, ਉਮੰਗਾਂ ਅਤੇ ਸੁਪਨਿਆਂ ਦਾ ਸ਼ਾਬਦਿਕ ਰੂਪ ਵੀ ਸੀ। ਮੈਂ ਤਾਰਾ ਸਿੰਘ ਦੀ ਲਗਪਗ ਹਰ ਰਚਨਾ ਦਾ ਪਾਠ ਕੀਤਾ ਹੈ। ਤ੍ਰਿਹਾਇਆ ਸਮੁੰਦਰ ਪੁਸਤਕ ਤੋਂ ਲੈ ਕੇ ਇਸ ਪੁਸਤਕ ''ਇਕ ਮੁੱਠੀ ਅਸਮਾਨ ਤੀਕ'' ਉਸ ਦੀ ਰਚਨਾ ਨੇ ਆਪਣਾ ਸਰੂਪ ਆਦਰਸ਼ ਦੀ ਪੂਰਤੀ ਲਈ ਸੰਘਰਸ਼ ਤੋਂ ਤਬਦੀਲ ਕਰ ਕੇ ਪ੍ਰੀਤਮ ਪਿਆਰੇ ਨਾਲ ਸੁਮੇਲ ਕਰ ਲਿਆ ਹੈ।

ਜਗਰਾਉਂ ਸ਼ਹਿਰ ਦਾ ਜੰਮਪਲ ਹੋਣ ਕਾਰਨ ਉਸ ਦੇ ਮਨਮਸਤਕ ਵਿਚ ਨਾਨਕਸਰ ਗੁਰਮਤਿ ਮਾਰਗ ਦੀ ਤਾਂਘ ਬਚਪਨ ਤੋਂ ਹੀ ਸੀ। ਸੰਤ ਬਾਬਾ ਗੁਰਦੇਵ ਸਿੰਘ ਜੀ ਨਾਨਕਸਰ ਵਾਲਿਆਂ ਦੀ ਸੰਗਤ ਨੇ ਉਸ ਨੂੰ ਹੁਣ ਆਪਦੇ ਰੰਗ ਵਿਚ ਰੰਗ ਲਿਆ ਹੈ। ਇਸੇ ਕਰ ਕੇ ਉਹ ਕੁਦਰਤ ਦੀ ਗਲ ਕਰਦਾ ਵੀ ਕਾਦਰ ਦੇ ਗੁਣਗਾਨ ਵਿਚ ਹੀ ਰੁਝ ਜਾਂਦਾ ਹੈ। ਉਹ ਰਜ਼ਾ ਅਤੇ ਰਹਿਮਤ ਦੇ ਚੱਕਰਵਿਊ ਵਿਚ ਘਿਰਿਆ ਅਜਿਹਾ ਨਾਇਕ ਹੈ ਜਿਸ ਦੀ ਯਾਤਰਾ ਨਿੱਜ. ਤੋਂ ਹੱਟ ਕੇ ਪਰ ਤੀਕ ਹੋਣ ਦੀ ਥਾਂ ਹੁਣ ਕੇਵਲ ਮਨ ਤੋਂ ਮਨ ਤੀਕ ਹੀ ਨਿਰੰਤਰ ਹੋਈ ਜਾ ਰਹੀ ਹੈ:

| | |
|---|---|
| ਖਾਲਸੇ ਦਾ ਜਨਮ ਦਿਹਾੜਾ | 57 |
| ਮਨ ਦੇ ਨੀਵੇਂ | 58 |
| ਵਾਹਿਗੁਰੂ ਬੋਲ ਅੱਲ੍ਹਾ ਬੋਲ | 59 |
| ਤੱਤੀ ਤਵੀ 'ਤੇ ਬੈਠੇ ਸਤਿਗੁਰ | 60 |
| ਮਰ ਗਏ ਹਾਂ | 61 |
| ਰੱਬ ਦੇ ਘਰ ਦੀਆਂ ਗੱਲਾਂ | 62 |
| ਮਿਲਦਾ ਅੱਖ ਦੇ ਫੋਰ | 63 |
| ਰੱਬ ਦਾ ਕੰਮ ਨਿਰਾਲਾ ਹੈ | 65 |
| ਮਨ | 66 |
| ਯਾਦ ਮੈਨੂੰ ਆਂਦਾ ਜਾਹ | 67 |
| ਵਧਾਈਆਂ | 68 |
| ਮੇਹਰ ਕਰੋ | 69 |
| ਆਪਣੇ ਬਣਾ ਲਉ ਬਾਬਾ ਜੀ | 72 |
| ਮੋਤੀ ਰਾਮ ਜੀ ਸ਼ਹੀਦ ਦੇ ਨਾਮ | 73 |
| ਦੁਨੀਆਂ | 74 |
| ਨਾਨਕਸਰ ਭਗਤੀ ਦਾ ਘਰ | 78 |
| ਪੂਰਾ ਮਰ ਜਾਵਾਂ | 79 |
| ਮਿੱਟੀ ਦਾ ਕਣ | 80 |
| ਦਿੱਲ ਦੀ ਪੂਜਾ | 81 |
| ਹੁਕਮੀ ਜਾਣਾ ਹੁਕਮੀ ਆਣਾ | 82 |
| ਆਲਮ ਹੈ ਸਰਾਂ | 83 |
| ਜ਼ਿੰਦਗੀ ਤੇ ਮੌਤ | 84 |
| ਤੂੰਹੀਂ ਨਿਰੰਕਾਰ | 85 |
| ਮਾਘ ਦੀ ਸੰਗਰਾਂਦ | 86 |
| ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ | 88 |
| ਵੰਡਦਾ ਜਾਏ ਪਿਆਰ | 89 |
| ਗੁਰੂ ਖਾਲਸਾ | 90 |
| ਦਿੱਲੀਏ ਨੀ ਹੰਕਾਰੀਏ | 91 |
| ਸਿੱਖੀ | 93 |
| ਮਨ ਆਪਣੇ ਨੂੰ ਮੋੜ ਮੋੜ ਕੇ | 95 |
| ਰੂਹਾਨੀ ਗੁਰਦੇਵ ਜੀ ਦੇ ਨਾਮ | 97 |
| ਬਿਜਲੀਆਂ ਲਿਸ਼ਕਾਂਦਾ | 98 |
| ਪ੍ਰਭੂ ਜੀ | 99 |
| ਮੈਂ ਕੋਇਲ | 100 |
| ਬਿਰਹਾ | 101 |
| ਨਾਮ ਰੰਗੇ, ਪਾਰ ਲੰਘੇ | 102 |

ਜਿਥੇ ਮਿਲ ਜਾਵੇ ਦਿਲ ਵਿਚ ਥਾਂ
ਉਹੀਓ ਮੇਰਾ ਦੇਸ਼ ਗਰਾਂ
ਮੇਰੇ ਦੇਸ਼ ਦਾ ਨਾ ਕੋਈ ਨਾਂ
ਧਰਤੀ ਅੰਦਰ ਬਾਪੂ ਮਾਂ
ਮੈਂ ਹਾਂ ਆਪੇ ਆਪ ਸਮਾਂ
ਅੱਲਾਂ ਦੀ ਮੈਂ ਰਹਿਮਤ ਹਾਂ
ਸਭ ਨੂੰ ਜਾਣਾ ਇਕ ਤਰ੍ਹਾਂ
ਜੋ ਕੁਝ ਹੋਣਾ ਹੋ ਕੇ ਰਹਿਣਾ
ਮੈਂ ਕਿਉਂ ਐਵੇਂ ਫਿਕਰ ਕਰਾਂ।

ਤਾਰਾ ਸਿੰਘ ਆਲਮ ਮੁਤਾਬਕ ਸਾਡੇ ਦਰਦ ਨੂੰ ਨਿਵਾਰਣ ਵਾਲੇ ਮਸੀਹੇ ਤਾਂ ਖੁਦ ਬੀਮਾਰ ਹਨ ਅਤੇ ਉਨ੍ਹਾਂ ਦਾ ਕਿਰਦਾਰ ਮਿੱਟੀ ਵਿਚ ਰੁਲ ਗਈ ਹਸਤੀ ਵਰਗਾ ਹੈ ਅਤੇ ਤਕਰਾਰ ਨੇ ਮਨੁੱਖ ਨੂੰ ਜੰਗ ਦੇ ਮੂੰਹ ਝੋਕ ਦਿੱਤਾ ਹੈ। ਤਾਰਾ ਸਿੰਘ ਆਲਮ ਗੁਰੂ ਨਾਨਕ ਨਾਮ ਦਾ ਰਸੀਆ ਹੈ ਅਤੇ ਇਸ ਵਿਚੋਂ ਹੀ ਉਹ ਆਪਣੀ ਮੁਕਤੀ ਦਾ ਮਾਰਗ ਪਛਾਣਦਾ ਹੈ। ਗੁਰੂ ਨਾਨਕ ਦੇ ਸਬਕ ਨਾਲ ਹੀ ਉਹ ਸੂਰਜ ਬਣ ਕੇ, ਚੰਦਰਮਾ ਬਣ ਕੇ ਵਿਸ਼ਵ ਵਿਚ ਪਛਾਣਿਆ ਜਾਣਾ ਚਾਹੁੰਦਾ ਹੈ ਉਸ ਨੂੰ ਆਪਣੇ ਨਾਸਵਾਨ ਸਰੀਰ ਦੀ ਹਸਤੀ ਦਾ ਵੀ ਅਹਿਸਾਸ ਹੈ। ਸ਼ਾਇਦ ਤਦੇ ਹੀ ਇਸ ਦੇਸ਼ ਜਾਂ ਮਨ ਦੇ ਪ੍ਰਦੇਸੀ ਨੂੰ ਬਾਰ ਬਾਰ ਸਮਝਾਉਂਦਾ ਹੈ ਕਿ ਗੁਰਬਾਣੀ ਦੇ ਚਾਨਣ ਨਾਲ ਹੀ ਝੂਠੀਆਂ ਸ਼ਾਨਾਂ ਦਾ ਗੁਰਜ ਢਹਿਣਾ ਹੈ। ਉਸ ਨੂੰ ਭਾਈ ਲਾਲੋ ਦੇ ਆਤਮ ਵਿਸ਼ਵਾਸ ਤੇ ਵੀ ਮਾਣ ਹੈ ਕਿਉਂਕਿ ਉਸ ਦੀ ਵਿਰਾਸਤ ਵਿਚ ਭਾਈ ਲਾਲੋ ਇਕ ਵਿਅਕਤੀ ਨਹੀਂ ਇਕ ਕਰਾਂਤੀ ਬਣ ਕੇ ਚਮਕਦਾ ਤਾਰਾ ਹੈ।

ਤਾਰਾ ਸਿੰਘ ਆਲਮ ਗੁਰਚਰਨਾਂ ਵਿਚ ਬਿਰਾਜਣ ਤੋਂ ਪਹਿਲਾਂ ਇਸ ਧਰਤੀ ਤੇ ਗੁਜਾਰਣ ਯੋਗ ਸਮੇਂ ਨੂੰ ਸੰਤਾਂ ਦੇ ਚਰਨੀ ਲੱਗਣ ਦੀ ਪ੍ਰੇਰਨਾ ਦੇਂਦਾ ਹੈ ਅਤੇ ਉਸ ਦੀ ਸੰਤ ਦੀ ਪ੍ਰੀਭਾਸ਼ਾ ਗਿਆਨ ਦਾ ਚਾਨਣ ਵੰਡਣ ਵਾਲੇ ਵਿਅਕਤੀ ਦੀ ਹੈ ਜੋ ਉਸ ਨੂੰ ਈਸ਼ਵਰ ਨਾਲ ਮਿਲਾ ਸਕਦਾ ਹੈ।

ਤਾਰਾ ਸਿੰਘ ਆਲਮ ਵਿਚਲਾ ਇਨਕਲਾਬੀ ਕਵੀ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਚੇਤੇ ਕਰਦਾ ਹੈ ਤਾਂ ਉਸ ਦੀ ਭਾਸ਼ਾ ਵੀ ਬਦਲ ਜਾਂਦੀ ਹੈ। ਉਹ ਵੰਗਾਰ ਭਰਪੂਰ ਸੰਬੋਧਨ ਨਾਲ ਮੁਖਾਤਮ ਹੁੰਦਾ ਹੈ :

ਰੋਹ ਵਿਚ ਬੋਲੇ ਛੇਵੇਂ ਸਤਿਗੁਰ
ਚੁੱਕ ਲਵੋ ਤਲਵਾਰਾਂ ਨੂੰ
ਰਹਿਣ ਨਹੀਂ ਦੇਣਾ ਰਹਿਣ ਨਹੀਂ ਦੇਣਾ
ਹੁਣ ਜ਼ਾਲਮ ਸਰਕਾਰਾਂ ਨੂੰ।

ਭਾਵੇਂ ਤਾਰਾ ਸਿੰਘ ਜਾਣਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਵਿਸ਼ਵਾਸ ਸੀ ਦਸਾਂ ਪਾਤਸ਼ਾਹੀਆਂ ਦੇ ਰੂਪ ਵਿਚ ਪ੍ਰਕਾਸ਼ਮਾਨ ਰਿਹਾ ਹੈ ਅਤੇ ਇਹ ਸਰਬ-ਸਾਂਝਾ ਨੂਰ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਜ਼ੁਲਮ ਦੇ ਨਾਸ਼ ਕਰਨ ਲਈ ਪ੍ਰਚੰਡ ਜਵਾਲਾ ਬਣਿਆ। ਗੁਰੂ ਗੋਬਿੰਦ ਸਿੰਘ ਜੀ ਦਾ ਸੰਤ ਸਿਪਾਹੀ ਸਰੂਪ ਉਸ ਨੂੰ ਭਗਤੀ, ਸ਼ਕਤੀ ਅਤੇ ਪਿਆਰ ਦਾ ਸੰਦੇਸ਼ ਦਿੰਦਾ ਪ੍ਰਤੀਤ ਹੁੰਦਾ ਹੈ।

ਤਾਰਾ ਸਿੰਘ ਆਲਮ ਦਾ ਸਮੁੱਚਾ ਅੰਦਾਜ਼ ਗੁਰਸਿੱਖ ਵਾਲਾ ਹੋਣ ਕਰਕੇ ਮਨ ਦੇ ਨੀਵੇਂ ਗੁਰੂ ਪਿਆਰੇ ਵਾਲਾ ਹੈ। ਵਾਹਿਗੁਰੂ ਜਾਪ ਜਪਦਾ ਤੱਤੀ ਤਵੀ ਤੇ ਬੈਠਾ ਸਤਿਗੁਰ ਅਰਜਨ ਦੇਵ ਵੀ ਉਸ ਦਾ ਨਾਇਕ ਹੈ। ਆਪਣੇ ਵਿਸ਼ਵਾਸ ਦੀ ਹੋਣੀ ਰੱਬ ਨੂੰ ਉਹ ਗੁਰੂ ਸਾਹਿਬਾਨ ਵਿਚੋਂ ਹੀ ਪਹਿਚਾਣਦਾ ਹੈ ਆਪਣੇ ਸਵਾਸਾਂ ਦੀ ਪੂੰਜੀ ਬਾਬਾ ਜੀ ਤੋਂ ਮਿਹਰ ਦੇ ਰੂਪ ਵਿਚ ਸੁਖਾਲ ਲੰਘਾਉਣ ਦੀ ਅਰਜੋਈ ਕਰਦਾ ਹੈ। ਗੁਰੂ ਦੇ ਨੂਰ ਨਾਲ ਸਰੂਰ ਅਤੇ ਖੁਮਾਰੀ ਮੰਗਦਾ ਉਹ ਆਦਿ ਤੋਂ ਅਨੰਦ ਤੀਕ ਗੁਰੂ ਜੱਸ ਦਾ ਗਾਇਣ ਹੀ ਕਰਨਾ ਚਾਹੁੰਦਾ ਹੈ ਜਿਸ ਵਿਚ ਚੰਗੇ ਮੰਦੇ ਹਰ ਰੂਪ ਵਿਚ ਉਹ ਗੁਰੂ ਬਾਬੇ ਦੀ ਚਰਨੀ ਲਗ ਕੇ ਰਹਿੰਦਾ ਜੀਵਨ ਗੁਜਾਰਣਾ ਚਾਹੁੰਦਾ ਹੈ। ਇਸ ਜੀਵਨ-ਸਫਰ ਨੂੰ ਉਹ ਲੋਕ ਗੀਤਾਂ ਵਾਲੇ ਰੰਗ ਵਿਚ ਬੜਾ ਖੂਬਸੂਰਤ ਚਿਤਰਦਾ ਹੈ।

ਦੁਨੀਆਂ ਹੈ ਰੇਲ ਗੱਡੀ
ਕਿਸੇ ਫੜੀ ਕਿਸੇ ਛੱਡੀ
ਮਿਥਿਆ ਹੈ ਚੱਕਰ ਇਸ ਦਾ
ਲੰਮਾ ਹੈ ਸਫਰ ਇਸ ਦਾ
ਸਾਰੇ ਘਰ ਨੇ ਇਸ ਦੇ ਡੱਬੇ
ਇਉਂ ਜਾਪਦਾ ਮਸਾਂ ਨੇ ਲੱਭੇ
ਧੀਆਂ ਪੁੱਤਰ ਰਿਸ਼ਤੇਦਾਰ
ਸਵਾਰੀਆਂ ਦੀ ਭਰਮਾਰ

ਤਾਰਾ ਸਿੰਘ ਆਲਮ ਆਪਦੇ ਇਸ਼ਟ ਦੀ ਅਰਾਧਣਾ ਲਈ ਸੰਤ ਬਾਬਾ ਗੁਰਦੇਵ ਸਿੰਘ ਰਾਹੀਂ ਨਾਨਕਸਰ ਪਰੰਪਰਾ ਵਿਚ ਗਲਤਾਨ ਹੋਇਆ ਉਪਾਸ਼ਕ ਵੀ ਹੈ ਅਤੇ ਵਜਦ ਵਿਚ ਆ ਕੇ ਸੂਫੀ ਦਰਵੇਸ਼ਾਂ ਵਾਂਗ ਅਲੌਕਿਕ ਬੋਲ ਬੋਲਦਾ ਸ਼ਾਇਰ ਵੀ।

ਨਾਨਕਸਰ ਭਗਤੀ ਦਾ ਘਰ ਕੇਵਲ ਸ਼ਬਦਾਂ ਵਿਚ ਹੀ ਨਹੀ ਉਸ ਦੇ ਵਿਸ਼ਵਾਸ ਵਿਚ ਵੀ ਹਾਜ਼ਰ ਹੈ।

ਤਾਰਾ ਸਿੰਘ ਦੇ ਇਸ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਪੜ੍ਹਦਿਆਂ ਮੈਨੂੰ ਇੰਝ ਲਗਾ ਜਿਵੇਂ ਮੈਂ ਕਿਤਾਬ ਨਹੀਂ ਪੜ੍ਹ ਰਿਹਾ ਇਕ ਵਖਰੇ ਅਲੌਕਿਕ ਅਨੁਭਵ ਵਿਚੋਂ ਗੁਜ਼ਰ ਰਿਹਾ ਹਾਂ। ਕਵਿਤਾ ਬਾਰੇ ਪੂਰਵ ਧਾਰਨਾਵਾਂ, ਵਿਸ਼ਵਾਸ ਮੈਨੂੰ ਕਈ ਥਾਂਈ ਇਸ ਵਿਚ ਵਹਿਣ ਤੋਂ ਰੋਕਦੇ ਵੀ ਰਹੇ ਪਰ ਇਕ ਨਿਵੇਕਲੇ ਅੰਦਾਜ਼ ਦੀ ਸਿਰਜਣਾ ਹੋਣ ਕਰਕੇ ਮੈਂ ਇਸ ਦੀ ਸਿਫਤ ਕੀਤੇ ਬਿਨਾਂ ਨਹੀ ਰਹਿ ਸਕਦਾ। ਤਾਰਾ ਸਿੰਘ ਆਲਮ ਦੀ ਇਹ ਰਚਨਾ ਆਸਤਕ ਲੋਕਾਂ ਲਈ ਯਕੀਨਨ ਨਵੇਂ ਅਨੁਭਵ ਵਿਚੋਂ ਗੁਜ਼ਰਨ ਦਾ ਵਸੀਲਾ ਬਣੇਗੀ। ਉਨ੍ਹਾਂ ਨੂੰ ਪ੍ਰਮਾਤਮਾ ਕੋਈ ਅਪਹੁੰਚ, ਅਦ੍ਰਿਸ਼ਟ ਵਸਤੂ ਨਹੀ ਲਗੇਗਾ ਸਗੋਂ ਰੋਮ ਰੋਮ ਵਿਚ ਰਚਿਆ ਮਿਚਿਆ ਰੂਹਾਨੀ ਪਿਆਰ ਵਾਲਾ ਅਨੁਭਵ ਲਗੇਗਾ। ਸੰਤ ਬਾਬਾ ਨੰਦ ਸਿੰਘ ਜੀ ਨਾਨਕਸਰ ਵਾਲਿਆਂ ਵਲੋਂ ਦਰਸਾਏ ਮਾਰਗ ਦੇ ਮੁਸਾਫਿਰ ਤਾਰਾ ਸਿੰਘ ਦੀ ਇਸ ਰਚਨਾ ਨੂੰ ਮੈ ਨਵੇਂ ਅੰਦਾਜ਼ ਵਿਚ ਸਿਰਜਣ ਲਈ ਮੁਬਾਰਕ ਦਿੰਦਾ ਹਾਂ। ਇਹ ਮੇਰਾ ਵਿਸ਼ਵਾਸ ਹੈ ਕਿ ਪੂਰਵ ਮਿਥੀਆਂ ਪਰਿਭਾਸਾਵਾਂ ਦੇ ਫਰੇਮ ਤੋਂ ਬਾਹਰ ਫੈਲਦੀ ਇਹ ਰਚਨਾ ਗੁਰ ਦਰਬਾਰ ਦੇ ਅਭਿਲਾਖੀ ਪਾਠਕਾਂ ਨੂੰ ਯਕੀਨਨ ਤ੍ਰਿਪਤੀ ਬਖਸ਼ੇਗੀ।

ਮੈਂ ਇਕ ਮੁੱਠੀ ਅਸਮਾਨ ਰਚਨਾ ਦਾ ਸਵਾਗਤ ਕਰਦਾ ਹਾਂ।

**ਗੁਰਭਜਨ ਗਿੱਲ**

*ਮੀਤ ਪ੍ਰਧਾਨ,*

*ਪੰਜਾਬੀ ਸਾਹਿਬ ਅਕਾਡਮੀ*

*ਪੰਜਾਬੀ ਭਵਨ ਲੁਧਿਆਣਾ*

# ਸਤਿਕਾਰ ਵਿਚ ਦੋ ਸ਼ਬਦ

ਦੋ ਕਿਤਾਬਾਂ 'ਤ੍ਰਿਹਾਇਆ ਸਮੁੰਦਰ' ਅਤੇ 'ਉਛੱਲਦਾ ਸਮੁੰਦਰ' ਤੋਂ ਮਗਰੋਂ 'ਇਕ ਮੁੱਠੀ ਅਸਮਾਨ' ਵਿਚੋਂ ਕੁਝ ਰੂਹਾਨੀ, ਕੁਝ ਧਾਰਮਿਕ, ਕੁਝ ਸੰਤਾਂ ਮਹਾਂਪੁਰਸ਼ਾਂ ਲਈ ਪ੍ਰੇਮ ਗੀਤ ਲਿਖਣ ਲਈ ਉਸ ਵਾਹਿਗੁਰੂ, ਅਲ੍ਹਾ ਨੇ ਆਪ ਬਖਸ਼ਿਸ਼ ਕੀਤੀ ਅਤੇ ਅਗਾਂਹ ਵਾਸਤੇ ਵੀ ਰੱਬ ਨੂੰ ਦੁਆ ਕਰਦਾ ਹਾਂ ਕਿ ਆਪਣੇ ਪ੍ਰੇਮ ਵਿੱਚ ਰੰਗ ਕੇ ਆਪਣੀ ਮੁਹੱਬਤ ਦੇ ਗੀਤ ਲਿਖਵਾਏ।

ਇਸ ਕਿਤਾਬ ਨੂੰ ਪੂਰੇ ਧਿਆਨ ਨਾਲ ਪੜ੍ਹਕੇ ਪੰਜਾਬੀ ਸਾਹਿਤ ਦੀ ਦਾਦੀ ਮਾਂ 'ਅੰਮ੍ਰਿਤਾ ਪ੍ਰੀਤਮ' ਜੀ ਨੇ ਮੇਰੇ ਉਪੱਰ ਇਕ ਅਜ਼ੀਮ ਕਰਮ ਕੀਤਾ ਹੈ ਜੋ ਕੁਝ ਵੀ ਉਨ੍ਹਾਂ ਨੇ ਲਿਖਿਆ ਹੈ ਉਹ ਮੇਰੇ ਲਈ ਬੇਅੰਤ ਖੁਸ਼ੀ ਦੀ ਗੱਲ ਹੈ।

ਮੈਂ ਅੰਮ੍ਰਿਤਾ ਜੀ ਦਾ ਕੋਟਾਨ ਕੋਟ ਵਾਰ ਧੰਨਵਾਦ ਕਰਦਾ ਹਾਂ।

ਉਨ੍ਹਾਂ ਸੰਤਾਂ ਮਹਾਂਪੁਰਸ਼ਾਂ ਦਾ ਮੈਂ ਅਤਿ ਧੰਨਵਾਦੀ ਹਾਂ ਜਿਨ੍ਹਾਂ ਦੀ ਸੰਗਤ ਨਾਲ ਮੈਨੂੰ ਪਾਕ ਰਾਹਾਂ ਦੀ ਪਹਿਚਾਣ ਆਈ। ਸੰਤ ਬਾਬਾ ਸਾਧੂ ਸਿੰਘ ਜੀ, ਸੰਤ ਹਰਕੇਵਲ ਸਿੰਘ ਜੀ ਜੋ ਵੇਦਾਂਤ ਦੇ ਗਿਆਤਾ ਬੜੇ ਅਭਿਆਸੀ ਸਨ, ਮੇਰੇ ਪਿਆਰੇ ਮਿੱਤਰ ਸੰਤ ਬਾਬਾ ਰਾਮ ਸਿੰਘ ਜੀ ਜਿਨ੍ਹਾਂ ਨਾਲ ਮੈਂ ਕਈ ਸਾਲ ਰਿਹਾ, ਅੱਜ ਕਲ੍ਹ ਮੈਂ ਸੰਤ ਬਾਬਾ ਗੁਰਦੇਵ ਸਿੰਘ ਜੀ ਨਾਲ ਤਕਰੀਬਨ ਦੋ ਸਾਲ ਤੋਂ ਰਹਿ ਰਿਹਾ ਹਾਂ, ਗੁਰਦੇਵ ਜੀ ਦਾ ਮੈਂ ਆਪਣੇ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣੀ ਸੇਵਾ ਲਈ ਮੈਨੂੰ ਚੁਣਿਆ ਅਤੇ ਇਕ ਗੁਰੂ ਵਾਲਾ ਅਤੇ ਅੱਛੇ ਪਿਤਾ ਵਾਲਾ ਪਿਆਰ ਦਿੱਤਾ। ਮੈਂ ਬਾਬਾ ਗੱਜਣ ਸਿੰਘ, ਸੁਰਜੀਤ ਸਿੰਘ ਹਜ਼ੂਰੀ ਸੇਵਕ ਅਤੇ ਹੋਰ ਸਭ ਬਹਿੰਗਮਾਂ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸਮੇਂ-ਸਮੇਂ ਸਿਰ ਲੋੜ ਮੁਤਾਬਿਕ ਸਹਾਇਤਾ ਅਤੇ ਪਿਆਰ ਦਿੱਤਾ।

ਮੇਰੇ ਅਤਿ ਪਿਆਰੇ ਮਿੱਤਰ ਪ੍ਰੋ: ਗੁਰਭਜਨ ਸਿੰਘ ਗਿੱਲ ਜੋ ਕਿ 'ਕੈਮਰੇ ਦੀ ਅੱਖ ਬੋਲਦੀ' ਕਾਲਮ ਨਾਲ ਕਾਫੀ ਲੋਕ-ਪ੍ਰਿਆ ਹੋਏ ਹਨ ਜਿਨ੍ਹਾਂ ਨਾਲ ਮੇਰਾ ਬਹੁਤ ਦੇਰ ਤੋਂ ਨਿੱਘਾ ਪਿਆਰ ਹੈ, ਉਨ੍ਹਾ ਦੇ ਨਾਲ ਸੰਧੂ ਸਟੂਡਿਓ ਵਾਲੇ ਸੰਧੂ ਸਾਹਿਬ ਜਿਨ੍ਹਾਂ ਨੇ ਫੋਟੋ ਗਰਾਫ਼ੀ ਵਿੱਚ ਆਪਣੀ ਕਿਸਮ ਦੀ ਮੁਹਾਰਤ ਹਾਸਲ ਕੀਤੀ ਹੈ। ਗੁਰਭਜਨ ਗਿੱਲ ਨੇ ਇਸ ਕਿਤਾਬ ਦੀਆ ਰਚਨਾਵਾਂ ਨੀਝ ਨਾਲ ਪੜ੍ਹ ਕੇ ਕੁਝ ਸਫੇ ਲਿਖੇ ਹਨ ਸੰਧੂ ਜੀ ਨੇ ਫੋਟੋ ਗਰਾਫ਼ੀ ਕੀਤੀ ਹੈ ਮੈਂ ਦੋਨਾਂ ਦੋਸਤਾਂ ਦਾ ਧੰਨਵਾਦੀ ਹਾਂ। ਉਮੀਦ ਹੈ ਕਿ ਭਵਿੱਖ ਵਿੱਚ ਵੀ ਰੱਬ ਇਸ ਤਰ੍ਹਾਂ ਪਿਆਰ ਬਣਾਈ ਰਖੇਗਾ।

ਜਿਨ੍ਹਾਂ ਦੋਸਤਾਂ ਮਿੱਤਰਾਂ ਨੇ ਇਸ ਕਿਤਾਬ ਨੂੰ ਨੇਪਰੇ ਚਾੜ੍ਹਨ ਵਿੱਚ ਇਸ ਦੇ ਕਈ

ਪੱਖਾਂ ਤੇ ਕੰਮ ਕੀਤਾ, ਅਵਤਾਰ ਸਿੰਘ ਸੌਂਦ, ਅਵਤਾਰ ਸਿੰਘ ਚੰਡੀ ਜਿਨ੍ਹਾ ਅੰਮ੍ਰਿਤਾ ਪ੍ਰੀਤਮ ਜੀ ਨਾਲ ਮੁਲਾਕਾਤਾਂ ਦਾ ਪ੍ਰਬੰਧ, ਫੋਟੋਗ੍ਰਾਫੀ, ਆਉਣਾ-ਜਾਣਾ, ਸਾਰੇ ਪ੍ਰਬੰਧ ਕੀਤੇ। ਜਿਨ੍ਹਾਂ ਦੋਸਤਾਂ ਨੇ ਇੰਗਲੈਂਡ ਵਿਚ ਵੀ ਹਰ ਤਰ੍ਹਾਂ ਨਾਲ ਸਹਾਇਤਾ ਕੀਤੀ, ਭਾਈ ਹਰਬੰਸ ਸਿੰਘ ਘੜਿਆਲ, ਡਾ: ਹਰਜੀਤ ਸਿੰਘ ਸਿੱਧੂ ਅਤੇ ਡਾ: ਹਰਸ਼ਰਨ ਕੌਰ ਸਿੱਧੂ, ਮੋਹਨ ਸਿੰਘ ਜੁਟਲੇ, ਰਾਜ ਮਾਤਾ ਕ੍ਰਿਸ਼ਨ ਕੌਰ ਜੀ ਇਨ੍ਹਾਂ ਦੇ ਸਪੁੱਤਰ ਹਰਦੀਪ ਸਿੰਘ (ਬੋਬੀ) ਮਸ਼ਹੂਰ ਤਬਲਾਵਾਦਨ ਜਿਨ੍ਹਾਂ ਨੇ ਕੀਰਤਨ ਦਰਬਾਰਾਂ ਵਿਚ ਵੀ ਬਹੁਤ ਰੰਗ ਬੰਨ੍ਹਿਆ, ਭੈਣਜੀ ਸ਼ਿਦਰਪਾਲ ਲੋਟੇ ਪਰਿਵਾਰ, ਭੁਪਿੰਦਰ ਸਿੰਘ ''ਭਿੰਦੀ'' ਮਸ਼ਹੂਰ ਗੀਤਕਾਰ, ਬਲਕਾਰ ਸਿੰਘ ਯੋਗੀ, ਬੜੇ ਪਿਆਰੇ ਨਿੱਘੇ ਸੁਖਵਿੰਦਰ ਸਿੰਘ ''ਭੰਵਰਾ'' ਹਰ ਵਕਤ ਸੇਵਾ ਲਈ ਤਤਪਰ ਰਹਿੰਦੇ ਹਨ। ਗੁਰਦੇਵ ਸਿੰਘ ਕਲਸੀ, ਨਰਿੰਦਰ ਸਿੰਘ ਭੱਚੂ, ਸੰਗੀਤ ਦੇ ਅਚਾਰੀਆ ਸੁਰਿੰਦਰ ਸਿੰਘ ਮਠਾੜੂ, ਸ਼ਾਇਰ ਅਤੇ ਕਥਾਕਾਰ ਰਣਜੀਤ ਸਿੰਘ ਰਾਣਾ, ਬਰਮਿੰਗਮ ਤੋਂ ਉਂਕਾਰ ਸਿੰਘ ਸੀਹਰਾ।

ਭਾਰਤ ਵਿੱਚ ਮਹਿੰਦਰਦੀਪ ਸਿੰਘ ਗਰੇਵਾਲ, ਜਿਨ੍ਹਾਂ ਨੇ ਤ੍ਰਿਹਾਇਆ ਸਮੁੰਦਰ ਤੇ ਪਰਚਾ ਲਿਖਿਆ ਸੀ, ਸਾਹਿਤਕ ਤੌਰ ਤੇ ਅਤੇ ਹਰ ਤਰ੍ਹਾਂ ਨਾਲ ਸਹਾਇਤਾ ਕੀਤੀ। ਹਰਜੀਤ ਸਿੰਘ ਅਸਿਸਟੇਂਟ ਡਾਇਰੈਕਟਰ ਦੂਰਦਰਸ਼ਨ, ਜਲੰਧਰ ਨੇ ਤ੍ਰਿਹਾਇਆ ਸਮੁੰਦਰ ਵਿਚੋਂ ਗਜ਼ਲ ''ਕੌਣ ਚੁਰਾ ਕੇ ਲੈ ਗਿਆ, ਈਮਾਨ ਮੇਰੇ ਸ਼ਹਿਰ ਦਾ'' ਨੂੰ ''ਦੂਰ ਕਿਨਾਰਾ'' ਫਿਲਮ ਦਾ ਟਾਇਟਲ ਸੌਂਗ ਬਣਾ ਕੇ ਲੋਕਾਂ ਤੱਕ ਪਹੁੰਚਾਇਆ। ਗੁਰਦੀਪ ਸਿੰਘ ਸਾਹਿਲ, ਡਾ: ਰਾਜਿੰਦਰ ਕੌਰ, ਅਮਨਦੀਪ ਸਿੰਘ ਸੰਧੂ, ਡਾ: ਇਕਬਾਲ ਸਿੰਘ ਸੀਹਰਾ, ਮਨਵੀਤ ਕੌਰ 'ਜਿੰਨੀ', ਸਿੰਪੀ ਤੇ ਮਿੰਨੀ ਰੋਮੀ ਨੇ (ਗੁਨੂੰ) ਸ਼ਾਇਰੀ ਦੇ ਚਿਰਾਗ ਵਿੱਚ ਉਤਸ਼ਾਹ ਦਾ ਤੇਲ ਪਾਇਆ। ਉਪਰੋਕਤ ਸਭ ਵਿਅਕਤੀਆਂ ਨੇ ''ਉਛਲਦਾ ਸਮੁੰਦਰ'' ਅਤੇ ''ਇੱਕ ਮੁੱਠੀ ਅਸਮਾਨ'' ਨੂੰ ਸਪੌਂਸਰ ਕੀਤਾ ਹੈ। ਸਾਰਿਆਂ ਦਾ ਅਤਿ ਧੰਨਵਾਦੀ ਹਾਂ, ਵਾਹਿਗੁਰੂ ਸਾਡੇ ਸਾਰਿਆਂ ਵਿਚ ਏਵੇ ਹੀ ਪਿਆਰ ਦੀ ਬਖ਼ਸ਼ਿਸ਼ ਕਰਦਾ ਰਹੇ।

**ਡਾ: ਤਾਰਾ ਸਿੰਘ ਆਲਮ**

## ਧਰਤੀ ਅੰਬਰ ਬਾਪੂ ਮਾਂ

ਜਿਥੇ ਮਿਲ ਜਾਵੇ ਦਿਲ ਵਿੱਚ ਥਾਂ
ਓਹੀਓ ਮੇਰਾ ਦੇਸ਼ ਗਰਾਂ

ਮੇਰੇ ਦੇਸ਼ ਦਾ ਨਾ ਕੋਈ ਨਾਂ
ਧਰਤੀ ਅੰਬਰ ਬਾਪੂ ਮਾਂ
ਮੈਂ ਹਾਂ ਆਪੇ ਆਪ ਸਮਾਂ
ਅਲ੍ਹਾ ਦੀ ਮੈਂ ਰਹਿਮਤ ਹਾਂ
ਸਭ ਨੂੰ ਜਾਣਾ ਇਕ ਤਰ੍ਹਾਂ
ਜੋ ਕੁਝ ਹੋਣਾ ਹੋ ਕੇ ਰਹਿਣਾ
ਮੈਂ ਕਿਉਂ ਐਵੇਂ ਫਿਕਰ ਕਰਾਂ।
ਜਿਥੇ ਮਿਲ ਜਾਵੇ...........

ਨਾਲ ਹਵਾ ਦੇ ਮੇਰੀ ਯਾਰੀ
ਘਟਾ ਵੀ ਮੈਨੂੰ ਲਗਦੀ ਪਿਆਰੀ
ਸਾਗਰ ਦੇ ਵਿਚ ਚੁੱਭੀ ਮਾਰੀ
ਚੁੱਭੀ ਮਾਰਕੇ ਲਾਂ ਉਡਾਰੀ
ਉੱਚਾ ਨੀਵਾਂ ਚਾਰੇ ਪਾਸੇ
ਹਰ ਪਲ ਮੈਂ ਤਾਂ ਉਡਦਾ ਜਾਂ।
ਜਿਥੇ ਮਿਲ ਜਾਵੇ...........

ਇਕ ਪਿਆਰਾ ਦਿਲ ਵਿੱਚ ਵਸਿਆ।
ਉਸਨੇ ਆਪਣਾ ਪਤਾ ਨਾ ਦਸਿਆ
ਲਭਦਾ ਫਿਰਦਾ ਪੁੰਨਿਆ ਮਸਿਆ
ਉਸਨੇ ਮੈਨੂੰ ਐਸਾ ਡੱਸਿਆ
ਦਿਲ ਵਿੱਚ ਲੈ ਕੇ ਅੱਗ ਵਸਲ ਦੀ

ਪਾਗਲਾਂ ਵਾਂਗੂੰ ਮੈਂ ਫਿਰਾਂ।
ਜਿਥੇ ਮਿਲ ਜਾਵੇ...........

ਯਾਰ ਦੇ ਦੁੱਖ ਵਿੱਚ ਮੈਂ ਸੜਾਂ
ਪਲ ਪਲ ਪਿੱਛੋਂ ਮੈਂ ਮਰਾਂ
ਮਰਦਾ ਮਰਦਾ ਉਠ ਖੜਾਂ
ਆਪੇ ਨਾਲ ਮੈਂ ਆਪ ਲੜਾਂ
ਮੇਲ ਦੇ ਵਿੱਚ ਮੈਂ ਬਿਰਹਾ ਹਾਂ
ਬਸ ਯਾਰ ਦਾ ਕਲਮਾ ਮੈਂ ਪੜ੍ਹਾਂ।
ਜਿਥੇ ਮਿਲ ਜਾਵੇ...........

ਯਾਰ ਦੇ ਰਾਹ ਦੀ ਧੂੜ ਬਣਾਂ
ਯਾਰ ਦੇ ਪੈਰੀਂ ਕਿੰਜ ਪਵਾਂ
ਉਸਦੇ ਦਿਲ ਵਿੱਚ ਕਿੰਜ ਰਵ੍ਹਾਂ
ਹਰ ਪਲ ਮੈਨੂੰ ਏਹੋ ਤਮ੍ਹਾ
ਆਲਮ ਦੇ ਵਿੱਚ ਰਹਿੰਦਾ ਜਾਂ
ਬੂਦੋਂ ਫਿਰ ਦਰਿਆ ਬਣਾਂ।
ਜਿਥੇ ਮਿਲ ਜਾਵੇ...........

ਕਿਸ ਤੇ ਦਿਲ ਤੂੰ ਮਾਣ ਹੈਂ ਕਰਦਾ
ਨਾਲ ਕਿਸੇ ਦੇ ਕੋਈ ਨਾ ਤੁਰਦਾ
ਨਾਲ ਕਿਸੇ ਦੇ ਕੋਈ ਨਾ ਮਰਦਾ
ਹਰ ਕੋਈ ਆਪਣਾ ਪਾਣੀ ਭਰਦਾ
ਮਤਲਬ ਦੀ ਏ ਸਾਰੀ ਦੁਨੀਆਂ
ਮੈਂ ਕਿਉਂ ਐਵੇਂ ਗਲ ਫੜਾਂ
ਜੋ ਕੁਝ ਹੋਣਾ ਹੋ ਹੀ ਜਾਣਾ
ਮੈਂ ਕਿਉਂ ਐਵੇਂ ਫ਼ਿਕਰ ਕਰਾਂ।
ਜਿਥੇ ਮਿਲ ਜਾਵੇ...........

# ਇਕ ਮੁੱਠੀ ਅਸਮਾਨ

ਇਕ ਮੁੱਠੀ ਹੈ ਧਰਤ ਤੇਰੀ, ਇਕ ਮੁੱਠੀ ਅਸਮਾਨ ਹੈ।
ਚੰਦ ਸੂਰਜ ਦੀਦੇ, ਤੇਰੇ ਮਸਤਕ ਕੁਲ ਜਹਾਨ ਹੈ।

ਅੰਬਰ ਥਾਲੀ ਦੀਪ ਤਾਰੇ, ਸਦਾ ਟਿਮਟਿਮਾ ਰਹੇ।
ਪੌਣ ਸਾਰੀ ਰੁੱਖ ਸਾਰੇ, ਗੀਤ ਤੇਰੇ ਹੀ ਗਾ ਰਹੇ।
ਹਰ ਸੁਬਾ ਦੀ ਸ਼ੋਖ ਲਾਲੀ ਤੇਰੀ ਹੀ ਮੁਸਕਾਨ ਹੈ।

ਉਡਦੇ ਸਲੇਟੀ ਬਦਲਾਂ 'ਚੋਂ ਸੁੱਚੇ ਮੋਤੀ ਕਿਰ ਰਹੇ।
ਕਦੇ ਕਦਾਈਂ ਠੰਡੇ ਚਿੱਟੇ ਰੂੰ ਜਿਹੇ ਫੰਬੇ ਗਿਰ ਰਹੇ।
ਅੰਬਰ ਸਾਰਾ ਗੁੰਬਦ ਜਾਪੇ ਧਰਤ ਸੁਹਾਵਾ ਥਾਨ ਹੈ।

## ਮਸੀਹੇ ਸਭ ਬੀਮਾਰ ਨੇ

ਉਦੋਂ ਤਕ ਨੇਰ੍ਹੇ ਵੀ ਬੇਸ਼ੁਮਾਰ ਨੇ।
ਜਦੋਂ ਤੱਕ ਚਾਨਣ ਫੁੱਟ ਦਾ ਸ਼ਿਕਾਰ ਨੇ।

ਓਦੋਂ ਤਕ ਧੜੇ ਵੀ ਹਜ਼ਾਰ ਨੇ।
ਜਦੋਂ ਤਕ ਸਿਰ ਫੜੇ ਹੰਕਾਰ ਨੇ।

ਇਲਾਜ ਭਲਾ ਕਿਸੇ ਦਾ ਹੋਏਗਾ ਕਿਵੇਂ
ਵੈਦ ਤੇ ਮਸੀਹੇ ਸਭ ਬੀਮਾਰ ਨੇ।

ਅੰਬਰਾਂ ਨੂੰ ਛੂਹ ਰਹੇ ਸਾਡੇ ਵਿਚਾਰ ਨੇ।
ਮਿੱਟੀ 'ਚ ਰੁਲਦੇ ਪਏ ਕਿਰਦਾਰ ਨੇ।

ਜਿੱਤ ਕਦੇ ਕੀਤੀ ਨਾ ਕੱਲੇ ਹਥਿਆਰ ਨੇ।
ਥਾਂ ਥਾਂ ਉੱਤੇ ਹੋ ਰਹੇ ਤਕਰਾਰ ਨੇ।

ਸਮੇਂ ਨੂੰ ਵਾਚ ਕੇ ਲੜੀਏ ਜੰਗ ਨੂੰ
ਅੰਤ ਜਿੱਤਣਾ ਜਮਹੂਰੀ ਵਿਚਾਰ ਨੇ।

ਸਾਂਝਾ ਹੈ ਧਰਮ ਤੇ ਮੰਜ਼ਿਲਾਂ ਵੀ ਸਾਂਝੀਆਂ।
ਫਿਰ ਕਿਉਂ ਹੋ ਗਏ ਸਭ ਤਾਰ ਤਾਰ ਨੇ।

# ਤੇਰਾ ਪਿਆਰ

ਤੇਰਾ ਪਿਆਰ ਹੋ, ਤੇਰਾ ਪਿਆਰ ਹੋ, ਤੇਰਾ ਪਿਆਰ ਹੋ।
ਮਸਿਆ ਦੀ ਰਾਤ ਜਿਵੇਂ ਤਾਰਿਆਂ ਦੀ ਲੋ।

ਈਦ ਵਾਲਾ ਚੰਦ ਜਿਵੇਂ ਵੇਖਦਾ ਜਹਾਨ।
ਅੱਧੀ ਰਾਤੀਂ ਜਿਵੇਂ ਕਿਸੇ ਮੁੱਲਾਂ ਦੀ ਆਜਾਨ।
ਅੱਲਾ ਹੂ ਅੱਲਾ ਹੂ ਅੱਲਾ ਹੂ।
ਤੇਰਾ ਪਿਆਰ ਹੋ.........................

ਕਿਸੇ ਗੁਰਦੁਆਰੇ ਨਦੀ ਦੇ ਕਿਨਾਰੇ।
ਅੰਮ੍ਰਿਤ ਵੇਲੇ ਜਿਵੇਂ ਬਾਣੀ ਕੋਈ ਉਚਾਰੇ।
ਰਾਗ ਆਸਾਵਰੀ ਜਾਵੇ ਮੈਲੇ ਮਨ ਧੋ।
ਤੇਰਾ ਪਿਆਰ ਹੋ.........................

ਜਿਵੇਂ ਕ੍ਰਿਸਨਾ ਨੂੰ ਕੋਈ ਦੁੱਧ ਨਾਲ ਨਹਲਾਏ।
ਜਿਵੇਂ ਚਰਚ ਵਿੱਚ ਕੋਈ ਧੀਮਾ ਧੀਮਾ ਗਾਏ।
ਕਿਸੇ ਪੀਰ ਦੀ ਸਮਾਧੇ, ਜਿਵੇਂ ਦੀਵਾ ਕਰੇ ਲੋ।
ਤੇਰਾ ਪਿਆਰ ਹੋ.........................

ਮਿਨੀ ਮਿਨੀ ਕਣੀ ਕੱਚੇ ਕੋਠਿਆਂ 'ਚ ਰਚੇ।
ਜਿਵੇਂ ਮੀਂਹ ਵਿੱਚ ਖੇਡਣ ਨਨ੍ਹੇ ਮੁਨ੍ਹੇ ਬੱਚੇ।
ਸਿਲ੍ਹੀ ਸਿਲ੍ਹੀ ਪੌਣ, ਜਾਵੇ ਕਾਮ ਤਾਂਈ ਛੋਹ।
ਤੇਰਾ ਪਿਆਰ ਹੋ.........................

ਖੰਡ ਖੀਰ ਰਲੇ, ਧਰਤੀ ਅੰਬਰ ਜਿਓਂ ਮਿਲੇ।
ਕੋਈ ਪਿੰਡੇ ਵਿੱਚ ਢੱਲੇ ਜਿਓਂ ਬੱਚਾ ਪੇਟ ਪਲੇ।
ਜਦ ਧਿਆਨ ਧੁਨ ਹੋਵੇ, ਜਾਵੇ ਸਮਾਂ ਵੀ ਖਲੋ।
ਤੇਰਾ ਪਿਆਰ ਹੋ.........................

ਜਿਵੇਂ ਸਾਹ ਚਲੇ ਪਿੰਡੇ, ਜਿਵੇਂ ਫੁੱਲ ਮਹਿਕ ਹੋਵੇ।
ਚਿੱਤ ਇਕ ਮਿਕ ਹੋਵੇ ਸਦਾ ਤੇਰੇ ਵਿਚ ਖੋਵੇ।
ਮਹਾਂ ਕਾਮ, ਮਹਾਂ ਮਾਇਆ, ਮਹਾਂ ਸੁੱਚਾ ਮੋਹ।
ਤੇਰਾ ਪਿਆਰ ਹੋ.........................

ਸਰਘੀ ਦੇ ਵੇਲੇ ਗਾਉਣ ਪੰਛੀ ਵਿਚਾਰੇ।
ਜਿਵੇਂ ਆਲਮ ਕੋਈ ਸਾਰਾ ਇਸ਼ਕ 'ਚ ਹਾਰੇ।
ਲੈਣ ਬੁੱਕਲ ਵਿੱਚ ਰਾਤਾਂ ਜਿਵੇਂ ਸੂਰਜ ਲਕੋ।
ਤੇਰਾ ਪਿਆਰ ਹੋ.........................

## ਸਭ ਦਾ ਸਾਂਝਾ ਗੁਰੂ ਗ੍ਰੰਥ ਹੈ

ਸਭ ਦਾ ਸਾਂਝਾ ਗੁਰੂ ਗ੍ਰੰਥ ਹੈ, ਸਭ ਨੂੰ ਇਸ 'ਤੇ ਮਾਣ ਹੈ।
ਗੁਰੂ ਹੈ ਸਾਗਰ ਗੁਰੂ ਹੈ ਧਰਤੀ ਗੁਰੂ ਹੀ ਅਸਮਾਨ ਹੈ।

ਛੇ ਗੁਰੂਆਂ ਤੇ ਤੀਹ ਭਗਤਾਂ ਦੀ ਇਸ ਵਿੱਚ ਇਲਾਹੀ ਬਾਣੀ ਹੈ।
ਸਭ ਜ਼ਾਤਾਂ ਦੀ ਸਭ ਧਰਮਾਂ ਦੀ ਇਸ ਨਾਲ ਸਾਂਝ ਪੁਰਾਣੀ ਹੈ।
ਜ਼ਾਤ ਧਰਮ ਤੋਂ ਉੱਚਾ ਸੁੱਚਾ ਇਸ ਵਿਚ ਨਿਰਮਲ ਗਿਆਨ ਹੈ।
ਸਭ ਦਾ ਸਾਂਝਾ ਗੁਰੂ ਗ੍ਰੰਥ ਹੈ............................

ਗੁਰੂ ਦੇ ਸੱਚੇ ਪਿਆਰ ਦੀ ਖਾਤਰ ਮਰ ਮਿਟਣਾ ਏਹ ਦਸਦਾ ਹੈ।
ਗੁਰੂ ਪਿਆਰ ਹੈ ਪਿਆਰ ਗੁਰੂ ਹੈ ਗੁਰੂ ਵਿੱਚ ਰੱਬ ਵਸਦਾ ਹੈ।
ਸਿਰ ਧਰ ਤਲੀ ਗਲੀ ਮੇਰੀ ਆਉ ਗੁਰੂ ਨਾਨਕ ਦਾ ਫੁਰਮਾਨ ਹੈ।
ਸਭ ਦਾ ਸਾਂਝਾ ਗੁਰੂ ਗ੍ਰੰਥ ਹੈ............................

ਸੇਵਾ ਕਰਨੀ, ਸਿਮਰਨ ਕਰਨਾ, ਕਰਨੀ ਕ੍ਰਿਤ ਕਮਾਈ ਜੀ।
ਸੱਚ ਬੋਲਣਾ ਵੰਡ ਕੇ ਛਕਣਾ ਨੀਵੇਂ ਰਹਿਣਾ ਭਾਈ ਜੀ।
ਭਾਣਾ ਮੰਨਣਾ ਕੁਝ ਨਾ ਮੰਗਣਾ ਏਹੋ ਅੰਤਰ ਧਿਆਨ ਹੈ।
ਸਭ ਦਾ ਸਾਂਝਾ ਗੁਰੂ ਗ੍ਰੰਥ ਹੈ............................

ਥੋੜਾ ਖਾਣਾ ਥੋੜਾ ਸੌਣਾ ਅੰਮ੍ਰਿਤ ਵੇਲੇ ਉਠਣਾ ਜੀ।
ਨਾਮ ਗੁਰੂ ਦਾ ਸਵਾਸ ਸਵਾਸ 'ਚੋਂ ਰੋਮ ਰੋਮ 'ਚੋਂ ਜਪਣਾ ਜੀ।
ਨਾਮ ਹੀ ਆਲਮ ਨਾਮਦਾਨ ਹੈ, ਅੰਮ੍ਰਿਤ ਨਾਮ ਨਿਧਾਨ ਹੈ।
ਸਭ ਦਾ ਸਾਂਝਾ ਗੁਰੂ ਗ੍ਰੰਥ ਹੈ............................
ਦਸਵੇਂ ਗੁਰੂ ਜੀ, ਗੁਰੂ ਗ੍ਰੰਥ ਜੀ, ਪੂਰਨ ਕੀਤੇ ਸਾਜੇ ਸੀ।

ਪੰਜਵੇਂ ਗੁਰੂ ਜੀ ਗੁਰੂ ਗ੍ਰੰਥ ਜੀ ਪਹਿਲੀ ਵਾਰ ਨਿਵਾਜ਼ੇ ਜੀ।
ਬਾਣੀ ਗੁਰੂ, ਗੁਰੂ ਹੈ ਬਾਣੀ ਪਰਮੇਸਰ ਦਾ ਥਾਨ ਹੈ।
ਸਭ ਦਾ ਸਾਂਝਾ ਗੁਰੂ ਗ੍ਰੰਥ ਹੈ.............................

ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਆਖਿਰ ਏਹ ਫੁਰਮਾਇਆ ਜੀ।
ਗੁਰੂ ਗ੍ਰੰਥ ਜੀ ਗੁਰੂ ਮਾਨਿਓ ਸਭ ਨੂੰ ਹੁਕਮ ਸੁਣਾਇਆ ਜੀ।
ਹੁਕਮ ਦੇ ਅੰਦਰ ਜੋ ਵੀ ਆਲਮ, ਉੱਚੀ ਉਸਦੀ ਸ਼ਾਨ ਹੈ।
ਸਭ ਦਾ ਸਾਂਝਾ ਗੁਰੂ ਗ੍ਰੰਥ ਹੈ.............................

# ਧੰਨ ਧੰਨ ਬਾਬਾ ਨੰਦ ਸਿੰਘ ਜੀ

ਧੰਨ ਧੰਨ ਬਾਬਾ ਨੰਦ ਸਿੰਘ ਜੀ, ਕਰੀ ਤਪਸਿਆ ਭਾਰੀ।
ਨਾਨਕ ਸਰ ਹੈ ਤੀਰਥ ਵੱਡਾ ਪੂਜੇ ਦੁਨੀਆਂ ਸਾਰੀ।

ਬਾਲ ਅਵਸਥਾ ਵਿੱਚ ਸੀ ਉਨ੍ਹਾਂ ਪ੍ਰੇਮ ਦੀ ਜੋਤ ਗਿਆਤੀ।
ਦਿਨੇ ਸੀ ਕਰਦੇ ਕ੍ਰਿਤ ਕਮਾਈ ਸਿਮਰਨ ਕਰਦੇ ਰਾਤੀ।
ਕੀਤਾ ਹੁਕਮ ਅਕਾਲਪੁਰਖ ਨੇ ਤਿਆਗੀ ਦੁਨੀਆਂ ਸਾਰੀ।
ਧੰਨ ਧੰਨ ਬਾਬਾ ਨੰਦ ਸਿੰਘ ਜੀ......................

ਸਵਾ ਬਾਰਾਂ ਇਸ਼ਨਾਨ ਸੀ ਕਰਦੇ ਪਹਿਲੇ ਪਹਿਰ ਉਹ ਰਾਤੀ।
ਗੁਰੂ ਨਾਨਕ ਦੇ ਦਰਸ਼ਨ ਕਰਦੇ ਦਿਨੇ ਰਾਤ ਪ੍ਰਭਾਤੀ।
ਮਨ ਦੇਹੀ ਤੇ ਆਤਮਾ ਉਹਨਾਂ ਜੱਗ ਤੋਂ ਰਖੀ ਕੰਵਾਰੀ।
ਧੰਨ ਧੰਨ ਬਾਬਾ ਨੰਦ ਸਿੰਘ ਜੀ......................

ਨਾਲ ਲਗਨ ਦੇ ਆਪ ਗਵਾ ਕੇ ਗਾਗਰ ਸੇਵਾ ਕੀਤੀ।
ਹਜ਼ੂਰ ਸਾਹਿਬ ਦੀ ਸੇਵਾ ਕਰਕੇ ਜਾਗੀ ਬਹੁਤ ਪ੍ਰੀਤੀ।
ਅੱਠੇ ਪਹਿਰ ਸੀ ਰੋਮ ਰੋਮ ਵਿੱਚ ਨਾਮ ਦੀ ਨੂਰ ਖੁਮਾਰੀ।
ਧੰਨ ਧੰਨ ਬਾਬਾ ਨੰਦ ਸਿੰਘ ਜੀ......................

ਆਪਣੇ ਗੁਰੂ ਜੀ ਕੋਲੋਂ ਇਕ ਦਿਨ ਵਿਦਿਆ ਸੀ ਜਦ ਲੈਂਦੇ।
ਬ੍ਰਹਮ ਗਿਆਨੀ ਆਪ ਪ੍ਰਮੇਸ਼ਰ ਹੈ ਕੋਈ ਦੱਸੋ ਕਹਿੰਦੇ।
ਗੁਰੂ ਵਿਦਿਆ ਜੀ ਜਾ ਮਿਲਾਏ ਜੋਤ ਸੀ ਨਿਰੰਕਾਰੀ।
ਧੰਨ ਧੰਨ ਬਾਬਾ ਨੰਦ ਸਿੰਘ ਜੀ......................

ਆਪਣੀ ਰੂਹ ਦੀ ਜੋਤ ਦੀ ਜਗਾਉਂਦੇ ਰਹਿੰਦੇ ਸੀ ਵਿੱਚ ਨ੍ਹੇਰੇ।
ਧੰਨ ਧੰਨ ਬਾਬਾ ਹਰਨਾਮ ਸਿੰਘ ਜੀ ਭੂਚੋ ਮੰਡੀ ਡੇਰੇ।
ਆਪਣੇ ਆਪ ਨੂੰ ਗੁਪਤ ਸੀ ਰੱਖਿਆ ਲੱਭ ਕੇ ਧਰਤ ਨਿਆਰੀ।
ਧੰਨ ਧੰਨ ਬਾਬਾ ਨੰਦ ਸਿੰਘ ਜੀ......................

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਾਜ਼ਰ ਜੋ ਵੀ ਜਾਣੇ।
ਸਿੱਖੀ ਖੰਡਿਓ ਤਿੱਖੀ ਦਾ ਉਹ ਸਹਿਜੇ ਰਾਹ ਪਛਾਣੇ।
ਰੋਮ ਰੋਮ ਜੋ ਸਿਮਰਨ ਕਰਦੇ ਸੱਚੇ ਅੰਮ੍ਰਿਤਧਾਰੀ।
ਧੰਨ ਧੰਨ ਬਾਬਾ ਨੰਦ ਸਿੰਘ ਜੀ......................

ਗੁਰੂ ਦੇ ਹੁਕਮ ਦੇ ਅੰਦਰ ਉਨ੍ਹਾਂ ਕੀਤੀ ਬਹੁਤ ਕਮਾਈ।
ਜੱਗ ਦੇ ਅੰਦਰ ਹੋਰ ਨਾ ਹੋਣਾ ਬਾਬਾ ਨੰਦ ਸਿੰਘ ਭਾਈ।
ਪੂਰਨ ਤਿਆਗੀ ਬ੍ਰਹਮ ਗਿਆਨੀ ਪੂਰਨ ਹੀ ਬ੍ਰਹਮਚਾਰੀ।
ਧੰਨ ਧੰਨ ਬਾਬਾ ਨੰਦ ਸਿੰਘ ਜੀ......................

ਨਾ ਕੋਈ ਏਥੇ ਪੈਸਾ ਚੜ੍ਹਦਾ, ਲੰਗਰ ਪਕਿਆ ਆਵੇ।
ਨਿਸ਼ਕਾਮ ਹੈ ਹਰ ਕੋਈ ਏਥੇ ਗੁਰੂ ਦੀ ਸੇਵ ਕਮਾਵੇ।
ਹਰ ਪਲ ਏਥੇ ਸਿਮਰਨ ਹੋਵੇ ਮਿੱਟੀ ਮਹਿਕੇ ਸਾਰੀ।
ਧੰਨ ਧੰਨ ਬਾਬਾ ਨੰਦ ਸਿੰਘ ਜੀ......................

ਹਿੰਦੂ ਮੁਸਲਮ ਸਿੱਖ ਈਸਾਈ ਸਾਰੇ ਸੀਸ ਨਿਵਾਉਂਦੇ।
ਬਾਬਾ ਨੰਦ ਸਿੰਘ ਇਤਨੇ ਤਾਰੇ ਗਿਣਤੀ ਵਿੱਚ ਨਾ ਆਉਂਦੇ।
ਧਰਤੀ ਅੰਬਰ ਆਲਮ ਗਾਵੇ ਉਸਦੀ ਕਥਾ ਨਿਆਰੀ।
ਧੰਨ ਧੰਨ ਬਾਬਾ ਨੰਦ ਸਿੰਘ ਜੀ......................

## ਮੇਰੇ ਈਸ਼ਰ ਮੇਰੇ ਬਾਬਾ

ਮੇਰੇ ਈਸ਼ਰ ਮੇਰੇ ਬਾਬਾ, ਚਰਨਾਂ 'ਚ ਥਾਂ ਦੇ ਦੇ।
ਓ ਨਾਨਕਸਰ ਓਹੀ ਸਰਵਰ ਰੁੱਖਾਂ ਦੀ ਛਾਂ ਦੇ ਦੇ।

ਸੰਗੇਮਰਮਰ ਸੋਨ ਗੁੰਬਦ, ਹਸਤੀ ਦਰਗਾਹਾਂ ਦੀ।
ਹੈ ਹਾਜ਼ਰ ਗੁਰੂ ਗ੍ਰੰਥ ਸਾਹਿਬ ਹਸਤੀ ਪਾਤਸ਼ਾਹਾਂ ਦੀ।
ਤੂਹੀਂ ਤੂਹੀਂ ਸ਼ਾਨ ਵਜਦੀ, ਅੰਮ੍ਰਿਤ ਵੇਲੇ ਦਾ ਸਮਾਂ ਦੇ ਦੇ।

ਅੱਜ ਵੀ ਤੜਪੇ ਤੇਰੇ ਬਾਝੋਂ ਸਿਹਾਈ ਰਾਤਾਂ ਦੀ।
ਮੱਥੇ ਬਲਦੀ ਹੈ ਪਲ ਪਲ ਲੋ ਤੇਰੀਆਂ ਹੀ ਬਾਤਾਂ ਦੀ।
ਕੀਰਤਨ ਦੀ ਵਰਖਾ ਅੰਮ੍ਰਿਤ ਬਚਨਾਂ ਦੀ ਪੁੰਨਿਆ ਦੇ ਦੇ।

ਅਮੋਲ ਬਖਸ਼ੀ ਹੈ ਤੂੰ ਮੈਨੂੰ ਜੋ ਦੌਲਤ ਸਾਹਾਂ ਦੀ।
ਕਰ ਮਿਹਰ ਸਾਹਾਂ ਤੇ ਆਰਗੰਮੀ ਨਿਗਾਹਾਂ ਦੀ।
ਮੈਲੇ ਸੁਪਨੇ ਤੇ ਸੋਚਾਂ ਨੂੰ ਨਿਖ਼ਰੀ ਜ਼ੁਬਾਂ ਦੇ ਦੇ।

ਅਖੰਡ ਸਿਮਰਨ ਸੱਚਾ ਸਚਖੰਡ ਮਹਿਕ ਹੈ ਬਾਣੀ ਦੀ।
ਸੁਖਮਨੀ ਧੋਵੇ ਮੈਲ ਤਨ ਮਨ ਗਿਲਾਨੀ ਦੀ।
ਆਲਮ ਨੂੰ ਮੋਮ ਕਰਕੇ ਸ਼ੀਸ਼ੇ ਦਾ ਨਾਂ ਦੇ ਦੇ।

*ਰਾਗੀ ਹਰਵਿੰਦਰ ਸਿੰਘ ਜਗਰਾਉਂ ਵਾਲਿਆਂ ਨੇ ਰੀਕਾਰਡ ਕਰਵਾਇਆ ਹੋਇਆ ਅਤੇ ਰਾਗੀ ਸੁਭਾਗ ਸਿੰਘ ਸਾਉਧਹਾਲ ਵਾਲਿਆਂ ਨੇ ਰੀਕਾਰਡ ਕਰਵਾਇਆ ਹੋਇਆ।*

# ਈਸ਼ਰ ਨਾਲ ਮਿਲਾ ਦੇ

ਮੇਰਾ ਹਾਲ ਉਹਨੂੰ ਸੁਣਾਦੇ ਬੇੜੀ ਵਾਲਿਆ।
ਮੈਨੂੰ ਈਸ਼ਰ ਨਾਲ ਮਿਲਾਦੇ ਬੇੜੀ ਵਾਲਿਆ।

ਮੈਂ ਬਹੁਤ ਹਾਂ ਪਤਣੋਂ ਦੂਰ ਵੇ।
ਮੈਂ ਸੰਸਾਰੀ ਮੈਂ ਮਜਬੂਰ ਵੇ।

ਮੈਂ ਦਾਸੀ ਉਹੋ ਹਜ਼ੂਰ ਵੇ।
ਮੈਂ ਮੂਸਾ ਉਹ ਕੋਹਿਤੂਰ ਵੇ।

ਮੈਨੂੰ ਲੱਪ ਕੁ ਲਿਆ ਦੇ ਨੂਰ ਵੇ।
ਮੈਂ ਮਿਲਣਾ ਉਹਨੂੰ ਜ਼ਰੂਰ ਵੇ।

ਮੇਰਾ ਸੰਦੇਸ ਉਹਨੂੰ ਪੁਚਾਦੇ ਬੇੜੀ ਵਾਲਿਆ।
ਮੇਰਾ ਹਾਲ ਉਹਨੂੰ ਸੁਣਾਦੇ ਬੇੜੀ ਵਾਲਿਆ।

ਮੈਂ ਧਰਤੀ ਉਹੋ ਅਸਮਾਨ ਵੇ।
ਮੈਂ ਜਿਸਮ ਤੇ ਉਹੋ ਜਾਨ ਵੇ।

ਉਹ ਦਿਲ ਹੈ ਮੈਂ ਅਰਮਾਨ ਵੇ।
ਉਹ ਨਾਮ ਹੈ ਮੈਂ ਧਿਆਨ ਵੇ।

ਉਹ ਸੂਰਜ ਹੈ ਮੈਂ ਕਿਰਨ ਵੇ।
ਉਹ ਕਸਤੂਰੀ ਮੈਂ ਹਾਂ ਹਿਰਨ ਵੇ।

ਮੈਨੂੰ ਉਸਦੀ ਮਹਿਕ ਲਿਆ ਦੇ ਬੇੜੀ ਵਾਲਿਆ।
ਮੇਰਾ ਹਾਲ ਉਹਨੂੰ ਸੁਣਾਦੇ ਬੇੜੀ ਵਾਲਿਆ।

## ਪਿਆਰੇ ਬਾਬਾ ਜੀ ਬਾਬਾ ਈਸ਼ਰ ਸਿੰਘ ਜੀ*

ਹੁਣ ਤੇ ਆਜਾ ਦਰਸ ਦਿਖਾ ਜਾ ਪੱਤਣਾਂ ਦਾ ਪਾਣੀ ਬੋਲਦਾ।
ਮੋਈਆਂ ਸਧਰਾਂ ਫੇਰ ਜਿਵਾ ਜਾ ਪੱਤਣਾਂ ਦਾ ਪਾਣੀ ਬੋਲਦਾ।
(ਕੋਰਸ) ਪਿਆਰੇ ਬਾਬਾ ਜੀ ਬਾਬਾ ਈਸ਼ਰ ਸਿੰਘ ਜੀ............

ਸੋਚ ਸੋਚ ਕੇ ਬਹੁਤ ਵਿਚਾਰਾਂ ਅਕਲ ਵੀ ਹੁਣ ਤੇ ਹਾਰੀ।
ਸੱਜਣ ਵਿੱਚ ਵਿਛੋੜੇ ਤੇਰੇ ਛੱਡਤੀ ਦੁਨੀਆਂ ਸਾਰੀ।
ਮੈਨੂੰ ਉਜੜੇ ਆਣ ਵਸਾ ਜਾ ਪੱਤਣਾ ਦਾ ਪਾਣੀ ਬੋਲਦਾ।
ਹੁਣ ਤੇ ਆਜਾ ਦਰਸ ਦਿਖਾ ਜਾ..............................

ਤੁਰ ਗਿਆਂ ਤੂੰ ਸਿਖਰ ਦੁਪਹਿਰੇ ਸੂਰਜ ਤੈਨੂੰ ਕਹਿੰਦੇ।
ਤੇਰੇ ਬਾਝੋਂ ਗਿਣ ਗਿਣ ਮੈਥੋਂ ਨੇਰ੍ਹੇ ਬਦਲਾ ਲੈਂਦੇ।
ਨੇਰ੍ਹੇ, ਰਾਹਾਂ ਨੂੰ ਆਣ ਰੁਸ਼ਨਾ ਜਾ ਪੱਤਣਾ ਦਾ ਪਾਣੀ ਬੋਲਦਾ।
ਹੁਣ ਤੇ ਆਜਾ ਦਰਸ ਦਿਖਾ ਜਾ..............................

ਜ਼ਿੰਦਗੀ ਬੀਤੀ ਯਾਦ ਤੇਰੀ ਵਿੱਚ, ਮਰਣਾ ਕਿੰਜ ਹੁਣ ਹੋਵੇ।
ਹੰਝੂਆਂ ਨਾਲ ਮੁਹੱਬਤ ਮੇਰੀ ਚਰਨ ਹਿਜਰ ਦੇ ਧੋਵੇ।
ਏਹ ਜ਼ਿੰਦਗੀ ਲੇਖੇ ਲਾ ਜਾ ਪੱਤਣਾ ਦਾ ਪਾਣੀ ਬੋਲਦਾ।
ਹੁਣ ਤੇ ਆਜਾ ਦਰਸ ਦਿਖਾ ਜਾ..............................

*ਰਾਗੀ ਹਰਵਿੰਦਰ ਸਿੰਘ ਜਗਰਾਵਾਂ ਵਾਲੇ ਦੀ ਆਵਾਜ਼ ਵਿਚ ਰਿਕਾਡਿੰਗ ਕੀਤੀ ਹੋਈ

ਇਕ ਵਾਰੀ ਤੂੰ ਆਵੇਂ ਪ੍ਰੀਤਮ ਗਲ ਨਾਲ ਮੈਨੂੰ ਲਾਵੇਂ।
ਭੁਲ ਜਾਵਾਂ ਮੈਂ ਦੁਨੀਆਂ ਸਾਰੀ ਮਰ ਜਾਵਾਂ ਮੈਂ ਥਾਵੇਂ।
ਆਕੇ ਮਰਨਾ ਆਪ ਸਿਖਾ ਜਾ ਪੱਤਦਾ ਦਾ ਪਾਣੀ ਬੋਲਦਾ।
ਹੁਣ ਤੇ ਆਜਾ ਦਰਸ ਦਿਖਾ ਜਾ...............................

ਪੱਤਣ ਰੋ ਰੋ ਅਰਜ਼ਾਂ ਕਰਦਾ ਨਾਲੇ ਰੋਣ ਕਿਨਾਰੇ।
ਨਾ ਮੈਂ ਜਿਉਂਦਾ ਨਾ ਮੈਂ ਮਰਦਾ ਪਾਣੀ ਧਾਹਾਂ ਮਾਰੇ।
ਝੂਠਾ ਲਾਰਾ ਈ ਕੋਈ ਲਾਜਾ ਪੱਤਣਾ ਦਾ ਪਾਣੀ ਬੋਲਦਾ।
ਹੁਣ ਤੇ ਆਜਾ ਦਰਸ ਦਿਖਾ ਜਾ...............................

ਸਾਰਾ ਆਲਮ ਅਰਜ਼ਾਂ ਕਰਦਾ ਨੈਣੀਂ ਝੜੀਆਂ ਲਾਵੇ।
ਤੇਰੇ ਬਾਝੋਂ ਸਾਈਆਂ ਸਾਡੀ ਕਿਹੜਾ ਪਿਆਸ ਬੁਝਾਵੇ।
ਆਜਾ ਆਕੇ ਧੀਰ ਧਰਾ ਜਾ ਪੱਤਣਾ ਦਾ ਪਾਣੀ ਬੋਲਦਾ।
ਹੁਣ ਤੇ ਆਜਾ ਦਰਸ ਦਿਖਾ ਜਾ...............................
ਮੋਈਆਂ ਸਧਰਾਂ ਫੇਰ ਜਿਵਾ ਜਾ...............................

## ਗੁਰੂ ਨਾਨਕ ਦੇ ਕਾਲਜ

ਗੁਰ ਨਾਨਕ ਦੇ ਕਾਲਜ ਪੜ੍ਹੀਏ।
ਆਉ ਪੜ੍ਹੀਏ ਆਉ ਪੜ੍ਹੀਏ।

ਮਤ ਵਿੱਚ ਰਤਨ ਜਵਾਹਰ ਜੜੀਏ।
ਆਉ ਗਿਆਨ ਦੇ ਅੰਬਰ ਚੜ੍ਹੀਏ।
ਆਪਣੇ ਪੈਰਾਂ ਉਤੇ ਖੜ੍ਹੀਏ।
ਆਉ ਪੜ੍ਹੀਏ...............

ਇੰਗਲਿਸ਼ ਪੜ੍ਹੀਏ ਨਾਲੇ ਲਿਖੀਏ।
ਪੰਜਾਬੀ ਪੜ੍ਹਨੀ ਲਿਖਣੀ ਸਿਖੀਏ।
ਮਾਂ ਬੋਲੀ ਦੀ ਉਂਗਲ ਫੜੀਏ।
ਆਉ ਪੜ੍ਹੀਏ...............

ਸਭ ਧਰਮਾਂ ਦਾ ਆਦਰ ਕਰੀਏ।
ਸਭ ਭਾਸ਼ਾ ਦੇ ਸਾਗਰ ਤਰੀਏ।
ਪ੍ਰੇਮ ਨਾਲ ਰਹੀਏ ਕਦੇ ਨਾ ਲੜੀਏ।
ਆਉ ਪੜ੍ਹੀਏ...............

ਬੋਲੀ ਆਪਣੀ ਸ਼ਹਿਦ ਡਬੋਈਏ।
ਸਾਰੇ ਆਲਮ ਤਾਰੇ ਬੋਈਏ।
ਚੰਦ ਸੂਰਜ ਮੁੱਠੀਆਂ ਵਿੱਚ ਫੜੀਏ।
ਆਉ ਪੜ੍ਹੀਏ...............

## ਚੰਨ ਬਣਾਂਗੇ

ਗੁਰੂ ਨਾਨਕ ਦੇ ਕਾਲਜ ਪੜ੍ਹਕੇ ਸੂਰਜ ਬਣਕੇ ਜਾਵਾਂਗੇ।
ਚੰਨ ਬਣਾਂਗੇ ਪੁੰਨਿਆਂ ਦੇ ਬਣ ਤਾਰੇ ਟਿਮ ਟਿਮਾਵਾਂਗੇ।

ਹਰ ਦਿਲ ਵਿੱਚ ਚਾਨਣ ਬੀਜਾਂਗੇ, ਅਸੀਂ ਰਹਿਣ ਨਹੀਂ ਦੇਣਾ ਨ੍ਹੇਰੇ ਨੂੰ।
ਅਸੀਂ ਉਦਮ ਫੁਰਤੀ ਦੇਵਾਂਗੇ, ਹਰ ਇਕ ਨਵੇਂ ਸਵੇਰੇ ਨੂੰ।
ਅਸੀਂ ਖੇਡਾਂਗੇ ਨਾਲੇ ਨੱਚਾਂਗੇ, ਹੱਸ ਗੀਤ ਪ੍ਰੇਮ ਦੇ ਗਾਵਾਂਗੇ।

ਅਸੀਂ ਸੱਚੇ ਭੌਰੇ ਬਣਨਾ ਹੈ ਫੁੱਲ ਰੰਗ ਬਰੰਗੇ ਕਲੀਆਂ ਦੇ।
ਮਹਿਕ ਗਿਆਨ ਦੀ ਕਰਕੇ 'ਕੱਠੀ ਵੰਡਾਂਗੇ ਵਿੱਚ ਗਲ਼ੀਆਂ ਦੇ।
ਨਾਲ ਲਗਨ ਦੇ ਗਿਆਨ ਦਾ ਪੰਛੀ ਅੰਬਰ ਵਿੱਚ ਉਡਾਵਾਂਗੇ।

ਅਸੀਂ ਅਕਲ ਦੀ ਭੱਠੀ ਪਾਵਾਂਗੇ, ਮਨ ਦੀ ਕੱਚੀ ਗਾਗਰ ਨੂੰ।
ਫਿਰ ਗਾਗਰ ਦੇ ਵਿੱਚ ਪਾਵਾਂਗੇ, ਗੁਣ ਤੱਤ ਦੇ ਮਿੱਠੇ ਸਾਗਰ ਨੂੰ।
ਆਲਮ ਦੇ ਵਿੱਚ ਥਾਂ ਥਾਂ ਉਤੇ ਅਸੀਂ ਵਿਦਿਆ ਬੂਟੇ ਲਾਵਾਂਗੇ।

# ਏਹ ਤਾਂ ਤੇਰਾ ਦੇਸ ਨਹੀਂ ਹੈ

ਜੀਂਦੇ ਜੀ ਮਰਨਾ ਸਿੱਖ ਲੈ ਫੇਰ ਤੈਨੂੰ ਪਛਤਾਣਾ ਪੈਣਾ।
ਵਾਰੀ ਆਪਣੀ ਭੁਲਿਆ ਫਿਰਦੈ ਤੈਨੂੰ ਇਕ ਦਿਨ ਜਾਣਾ ਪੈਣਾ।

ਸੱਚ ਨੂੰ ਤੂੰ ਝੂਠ ਸਮਝਕੇ ਸੁਪਨਾ ਸੱਚ ਬਣਾਈ ਬੈਠਾਂ।
ਬੰਗਲੇ ਕਾਰਾਂ ਧੀਆਂ ਪੁੱਤਰ ਦਿਲ ਏਨ੍ਹਾਂ ਨਾਲ ਲਾਈ ਬੈਠਾਂ।
ਏਹ ਤਾਂ ਤੇਰਾ ਦੇਸ਼ ਨਹੀਂ ਹੈ ਕਰਨਾ ਦੂਰ ਠਿਕਾਣਾ ਪੈਣਾ।
ਜੀਂਦੇ ਜੀ ਮਰਨਾ ਸਿਖ ਲੈ............

ਸੁਹਣਾ ਸਜਿਆ ਜਿਸਮ ਤੇਰਾ ਏਹ ਆਖਰ ਇਕ ਦਿਨ ਮਿੱਟੀ ਹੋਣੈ।
ਜਦ ਤੈਨੂੰ ਇਹ ਛਡਣਾ ਪੈਣਾ ਅੰਤ ਵੇਲੇ ਤੂੰ ਫੁੱਟ ਫੁੱਟ ਰੋਣੈ।
ਸੁਖ ਨਾਲ ਜੇ ਤੂੰ ਜੀਉਣਾ ਚਾਹੁਨੈ ਮੋਹ ਤੋਂ ਮਨ ਛੁੜਾਣਾ ਪੈਣਾ।
ਜੀਂਦੇ ਜੀ ਮਰਨਾ ਸਿਖ ਲੈ............

ਮੋਟਰ ਗੱਡੀ ਟਾਂਗਾ ਰਿਕਸ਼ਾ ਜਹਾਜ ਵੀ ਉਥੇ ਜਾਂਦਾ ਨਹੀਂ।
ਪੈਸਾ ਧੇਲਾ ਸੋਨਾ ਚਾਂਦੀ ਕੰਮ ਕਿਸੇ ਵੀ ਆਂਦਾ ਨਹੀਂ।
ਸੱਚੇ ਨਾਮ ਦੀ ਕਰ ਸਵਾਰੀ, ਸਫ਼ਰ ਤੈਨੂੰ ਮੁਕਾਣਾ ਪੈਣਾ।
ਜੀਂਦੇ ਜੀ ਮਰਨਾ ਸਿਖ ਲੈ............

ਉਹ ਜੋ ਤੈਥੋਂ ਪਹਿਲਾਂ ਤੁਰ ਗਏ ਨਾਲ ਮਰਨ ਦਾ ਕਰਕੇ ਵਾਅਦਾ।
ਝੂਠੇ ਨੇ ਉਹ ਸਾਰੇ ਮਿੱਤਰ ਜੋ ਨਾਲ ਮਰਨ ਦਾ ਕਰਦੇ ਦਾਅਵਾ।
ਹਰ ਪਲ ਤੇਰੀ ਮੌਤ ਹੈ ਆਲਮ ਏਹੋ ਤੈਨੂੰ ਧਿਆਣਾ ਪੈਣਾ।
ਜੀਂਦੇ ਜੀ ਮਰਨਾ ਸਿਖ ਲੈ............

## ਥਾਹ ਕੋਈ ਨਾ

ਮਿੱਟੀ ਦੇ ਏਹ ਕੋਠੇ ਦਾ ਵਿਸਾਹ ਕੋਈ ਨਾ।
ਆਵੇ ਕਿ ਨਾ ਆਵੇ ਦੂਜਾ ਸਾਹ ਕੋਈ ਨਾ।

ਝੂਠੇ ਮੂਠੇ ਰੰਗਾਂ ਨਾਲ ਲੜੀ ਜਾ ਰਿਹਾ।
ਖਿਆਲ ਦੀਆਂ ਤਿੱਤਲੀਆਂ ਨੂੰ ਫੜੀ ਜਾ ਰਿਹਾ।
ਕਿਥੋਂ ਆਇਆ ਕਿੱਥੇ ਜਾਣਾ ਪਤਾ ਕੋਈ ਨਾ।
ਮਿੱਟੀ ਦੇ ਕੋਠੇ ਦਾ.........................

ਹਵਾ, ਪਾਣੀ, ਅੱਗ, ਮਿੱਟੀ ਤੇ ਅਕਾਸ਼ ਦਾ।
ਪੰਜ ਮਿਲਕੇ ਬਣਿਆ ਏ ਕੋਠਾ ਮਾਸ ਦਾ।
ਛੇਵਾਂ ਵਿੱਚ ਵੱਸੇ ਜੀਹਦਾ ਥਾਹ ਕੋਈ ਨਾ।
ਮਿੱਟੀ ਦੇ ਕੋਠੇ ਦਾ.........................

ਕਰਮਾਂ ਦਾ ਜਦੋਂ ਤੇਰੇ ਲੇਖਾ ਹੋਵਣਾ।
ਅੰਤ ਵੇਲੇ ਓਦੋਂ ਤੈਨੂੰ ਪਊ ਰੋਵਣਾ।
ਲੱਗਿਆ ਜੇ ਨਾਮ ਵਾਲਾ ਪਾਹ ਕੋਈ ਨਾ।
ਮਿੱਟੀ ਦੇ ਕੋਠੇ ਦਾ.........................

ਗੱਲਾਂ ਨਾਲ ਅੰਬਰਾਂ ਤੋਂ ਤਾਰੇ ਤੋੜਦਾ।
ਆਲਮਾਂ ਤੂੰ ਰਿਹਾ ਸਦਾ ਧਨ ਜੋੜਦਾ।
ਸੁਣੀ ਤੂੰ ਗਰੀਬ ਦੀ ਹਾਅ ਕੋਈ ਨਾ।
ਮਿੱਟੀ ਦੇ ਕੋਠੇ ਦਾ.........................

# ਸੁਣ ਵੇ ਮਨਾ

ਸੁਣ ਵੇ ਮਨਾ ਪ੍ਰਦੇਸੀਆ, ਲਈਏ ਸਫ਼ਰ ਮੁਕਾ।
ਗੁਰਬਾਣੀ ਤੋਂ ਚਾਨਣ ਲੈਕੇ ਤੁਰੀਏ ਪ੍ਰੇਮ ਦੇ ਰਾਹ।

ਜਾਲੇ ਵਰਗਾ ਜੀਵਨ ਸਾਰਾ, ਤੰਦ ਨਾ ਕੋਈ ਦਿਸੇ।
ਤ੍ਰਿਸ਼ਨਾਵਾਂ ਦੇ ਜ਼ਖਮਾਂ ਵਿਚੋਂ ਹਰ ਪਲ ਲਹੂ ਰਿਸੇ।
ਜ਼ਾਤਾਂ ਗੋਤਾਂ ਭਰਮਾਂ ਵਾਲੇ ਛੱਡ ਕੇ ਸਾਰੇ ਕਿਸੇ।
ਜੀਵਨ ਨੂੰ ਆਜ਼ਾਦ ਕਰਨ ਦਾ ਕਰੀਏ ਹੱਕ ਅਦਾ।
ਸੁਣ ਵੇ ਮਨਾ ਪ੍ਰਦੇਸੀਆ..............................

ਪਲ ਭਰ ਦਾ ਜੀਵਨ ਸੁਪਨਾ ਸਦੀਆਂ ਵਾਂਗੂੰ ਜਾਪੇ।
ਪੰਜ ਚੋਰ ਤੈਨੂੰ ਠੱਗੀ ਜਾਂਦੇ ਪਾ ਪਾ ਨਵੇਂ ਸਿਆਪੇ।
ਰਿਸ਼ਤੇ ਨਾਤੇ ਮਿੱਤਰ ਭਾਈ ਝੂਠੀ ਦੌਲਤ ਮਾਪੇ।
ਸਿਮਰਨ ਕਰੀਏ ਮੌਤ ਨੂੰ ਰੱਖੀਏ ਹਰ ਪਲ ਯਾਦ ਸਦਾ।
ਸੁਣ ਵੇ ਮਨਾ ਪ੍ਰਦੇਸੀਆ..............................

ਲੱਖਾਂ ਤੁਰਗੇ ਤੂੰ ਵੀ ਜਾਣਾ, ਭੁੱਲ ਗਿਆਂ ਤੂੰ ਮਰਨਾ।
ਕਲ ਚਲਦਾ ਸੀ ਏਵੇਂ ਚਲੂ, ਆਲਮ ਏਵੇਂ ਚਲਣਾ।
ਥਿਰ ਕਰ ਬੈਠੋਂ ਮੁਕ ਜੂ ਤੇਰਾ, ਪਲ ਪਲ ਜੀਣਾ ਮਰਨਾ।
ਹੁਣੇ ਸਾਂਭ ਲੈ ਗੱਲ ਗੁਰੂ ਦੀ ਨਹੀਂ ਲੈਣਾ ਕਾਲ ਨੇ ਢਾਹ।
ਸੁਣ ਵੇ ਮਨਾ ਪ੍ਰਦੇਸੀਆ..............................

## ਜੱਗ ਦੀ ਸ਼ਾਨ ਹੈ ਲਾਲੋ

ਗੁਰੂ ਨਾਨਕ ਦਾ ਮਿੱਤਰ ਪਿਆਰਾ ਸਿੱਖੀ ਦੇ ਅਰਮਾਨ ਹੈ ਲਾਲੋ।
ਨੂਰ ਇਲਾਹੀ ਸਦਾ ਹੀ ਰਹਿਣਾ, ਸਾਰੇ ਜੱਗ ਦੀ ਸ਼ਾਨ ਹੈ ਲਾਲੋ।

ਸੇਵਾ ਸਿਮਰਨ ਸੱਚ ਕ੍ਰਿਤ ਦਾ, ਦੁਨੀਆਂ ਵਿੱਚ ਪ੍ਰਮਾਣ ਹੈ ਲਾਲੋ।
ਸਤਅਮ ਸ਼ਿਵਮ ਆਪ ਬਣਾਵੇ, ਬ੍ਰਹਮਾ ਦਾ ਵਰਦਾਨ ਹੈ ਲਾਲੋ।

ਤੋਲ ਕੇ ਮਿੱਠਾ ਮਿੱਠਾ ਬੋਲੇ, ਧੀਮੀ ਨਮ ਜ਼ੁਬਾਨ ਹੈ ਲਾਲੋ।
ਮਨ ਦੇ ਤੀਰ ਨੂੰ ਫੜ੍ਹਕੇ ਰੱਖੇ ਗੁਰਮਤਿ ਦੀ ਕਮਾਨ ਹੈ ਲਾਲੋ।

ਹੁਕਮ 'ਚ ਪੂਰਾ ਸਬਰ ਦਾ ਸੂਰਾ, ਪੂਰਨ ਬ੍ਰਹਮ ਗਿਆਨ ਹੈ ਲਾਲੋ।
ਹਰ ਯੁੱਗ ਵਿੱਚ ਹਰ ਇਕ ਥਾਂ 'ਤੇ, ਸਿਖੀ ਲਈ ਕੁਰਬਾਨ ਹੈ ਲਾਲੋ।

ਮੁੱਢ ਤੋਂ ਲੈ ਕੇ ਆਖਰ ਤਾਈਂ ਸਿੱਖੀ ਦਾ ਸਨਮਾਨ ਹੈ ਲਾਲੋ।
ਦੂਰ ਦ੍ਰਿਸਟੀ ਖਿੱਚ ਏਕਤਾ ਪਿਆਰ ਦਾ ਇਕ ਭਗਵਾਨ ਹੈ ਲਾਲੋ।

ਸਮਾਂ ਵਿਚਾਰੇ ਸੋਚੇ ਸਮਝੇ, ਡੂੰਘਾ ਨੀਤੀਵਾਨਾ ਹੈ ਲਾਲੋ।
ਧਾਰ ਬਣਾਕੇ ਤਿੱਖੇ ਕਰਦਾ, ਵਿਚਾਰਾਂ ਲਈ ਸਾਣ ਹੈ ਲਾਲੋ।

ਕਿਰਤ ਦੇ ਪਾਕ ਪਸੀਨੇ ਭਿੱਜਾ, ਆਖੰਡ ਅਥਾਹ ਤਾਣ ਹੈ ਲਾਲੋ।
ਹਰ ਖੇਤਰ ਦੇ ਕਾਰਗਰਾਂ ਦਾ, ਉੱਚਾ ਸੁੱਚਾ ਮਾਣ ਹੈ ਲਾਲੋ।

ਪਹਿਲਾ ਸਿੱਖ ਜਿਸ ਗੁਰੂ ਪਛਾਤਾ, ਸਾਖੀ ਦਾ ਬਿਆਨ ਹੈ ਲਾਲੋ।
ਹਰ ਕਾਲ ਵਿੱਚ ਮਲਕ ਭਾਗੋ ਲਈ ਕ੍ਰਾਂਤੀ ਦਾ ਐਲਾਨ ਹੈ ਲਾਲੋ।

ਜੋ ਵੀ ਆਲਮ ਚਲ ਰਿਹਾ ਹੈ, ਸਭਦੀ, ਜਾਨ ਦੀ ਜਾਨ ਹੈ ਲਾਲੋ।
ਆਦਿ ਜੁਗਾਦਿ ਸਦਾ ਹੀ ਰਹਿਣਾ ਸਥੂਲ ਸਥਿਰ ਅਸਮਾਨ ਹੈ ਲਾਲੋ।

## ਸਾਹਾਂ ਦੀ ਪੂੰਜੀ

ਤੇਰੀ ਮੁੱਕ ਜੁ ਸਾਹਾਂ ਦੀ ਪੂੰਜੀ ਕੰਮ ਤੇਰੇ ਨਹੀਂ ਮੁਕਣੇ।
ਸਾਰਾ ਜੱਗ ਏਵੇਂ ਚਲੂਗਾ ਕੰਮ ਏਹੇ ਨਹੀਂ ਰੁਕਣੇ।

ਮੇਰੀ ਮੇਰੀ ਕਰੇ ਐਵੇਂ ਕੋਈ ਵੀ ਨਾ ਤੇਰਾ ਏ।
ਸਦੀਆਂ ਦੀ ਸੋਚੀ ਜਾਵੇਂ ਪਲ ਦਾ ਵਸੇਰਾ ਏ।
ਪਤਾ ਵੀ ਨਾ ਤੈਨੂੰ ਲਗਣਾ ਸਾਹ ਤੇਰੇ ਇੰਜ ਟੁੱਟਣੇ।
ਤੇਰੀ ਮੁੱਕ ਜੂ ਸਾਹਾਂ.................................

ਕਲ੍ਹ ਸੀ ਤੂੰ ਆਪ ਬੱਚਾ, ਅੱਜ ਬੱਚੇ ਤੇਰੇ ਹੋ ਗਏ।
ਵੱਡੇ ਤੇ ਵਡੇਰੇ ਤੇਰੇ ਏਨ੍ਹੀ ਕੰਮੀਂ ਉਹ ਗਏ।
ਜਦ ਤੇਰਾ ਲੇਖਾ ਹੋਵਣਾ ਪਾਪ ਪੁੰਨ ਉਦੋਂ ਤੁਲਣੇ।
ਤੇਰੀ ਮੁੱਕ ਜੂ ਸਾਹਾਂ.................................

ਮਾਇਆ ਦੇ ਢੇਰ ਤੇਰੇ ਮਹਿਲ ਤੇ ਮੁਨਾਰੇ ਵੇ।
ਧੀਆਂ ਪੁੱਤ ਸੰਗੀ ਸਾਥੀ ਰਿਸ਼ਤੇਦਾਰ ਸਾਰੇ ਵੇ।
ਦਰਗਹ 'ਚ ਨਾਮ ਤੋਂ ਬਿਨਾ ਕਿਸੇ ਵੀ ਨਹੀਂ ਪੁਛਣੇ।
ਤੇਰੀ ਮੁੱਕ ਜੂ ਸਾਹਾਂ.................................

ਸੰਤਾ ਦੇ ਚਰਨੀਂ ਲਗ ਕੇ ਸੇਵਾ ਜੋ ਕਮਾ ਗਏ।
ਲੋਕ ਤੇ ਪਰਲੋਕ ਵਿੱਚ ਆਲਮ ਓਹ ਕਹਾ ਗਏ।
ਨਾਮ, ਸੇਵਾ, ਦਾਨ ਪੁੰਨ ਏਹੋ ਤੇਰੇ ਨਾਲ ਢੁਕਣੇ।
ਤੇਰੀ ਮੁੱਕ ਜੂ ਸਾਹਾਂ.................................

## ਸ਼ੈਤਾਨ ਮਿੱਟੀ ਦਾ (ਗ਼ਜ਼ਲ)

ਕਦੇ ਨਾ ਕਰਦਾ ਮਾਣ ਮਿੱਟੀ ਦਾ।
ਲੈਂਦਾ ਜੇ ਖਾਸਾ ਜਾਣ ਮਿੱਟੀ ਦਾ।

ਏਹ ਬੰਦਾ ਹੀ ਈਮਾਨ ਮਿੱਟੀ ਦਾ।
ਏਹ ਬੰਦਾ ਹੀ ਸ਼ੈਤਾਨ ਮਿੱਟੀ ਦਾ।

ਨਾ ਹੋਇਆ ਹੈ ਨਾ ਹੋਏਗਾ।
ਜੱਗ ਉਤੇ ਭਗਵਾਨ ਮਿੱਟੀ ਦਾ।

ਕਦੇ ਨਾ ਮਿੱਟੀ ਏਦਾਂ ਰੁਲਦੀ,
ਜੇਕਰ ਹੁੰਦਾ ਗਿਆਨ ਮਿੱਟੀ ਦਾ।

ਐਵੇਂ ਮੇਰੀ ਮੇਰੀ ਕਰੀ ਜਾਵੇ,
ਮਰਨ ਭੁੱਲਿਆ ਇਨਸਾਨ ਮਿੱਟੀ ਦਾ।

ਕੀ ਪਤੈ ਸਾਹ ਦਾ ਕਦੋਂ ਡਿਗ ਪਵੇ,
ਇੱਕੋ ਸਾਹ ਤੇ ਮਕਾਨ ਮਿੱਟੀ ਦਾ।

ਉਹੀ ਸੰਤ ਬਣੇ ਨੇ ਰੂਪ ਰੱਬ ਦਾ,
ਜਿਨ੍ਹਾਂ ਨੇ ਕੀਤਾ ਧਿਆਨ ਮਿੱਟੀ ਦਾ।

ਸੁਣ ਲੈ ਆਲਮ ਐਲਾਨ ਮਿੱਟੀ ਦਾ।
ਚੰਨ ਤਾਰੇ ਅਸਮਾਨ ਮਿੱਟੀ ਦਾ।

# ਨਾਨਕ ਨੂਰਾਨੀ

ਉਹਦੇ ਮੁਖੜੇ 'ਤੇ ਲਾਲੀ, ਉਹਦਾ ਨੂਰ ਹੈ ਨਿਰਾਲਾ।
ਮਰਦਾਨਾ ਸੱਜੇ ਪਾਸੇ, ਉਹਦੇ ਖੱਬੇ ਹੱਥ ਬਾਲਾ।
ਮਰਦਾਨਾ ਰਬਾਬ ਵਜਾਏ, ਬਾਲਾ ਚੌਰ ਨੂੰ ਝੁਲਾਵੇ।
ਗੁਰੂ ਮਿੱਠਾ ਮਿੱਠਾ ਗਾਵੇ ਉਹਨੂੰ ਬਾਣੀ ਧੁਰੋਂ ਆਵੇ।
ਵਾਹਿਗੁਰੂ ਜਪੋ ਫੇਰੋ ਸਵਾਸਾਂ ਵਾਲੀ ਮਾਲਾ।

ਉਹ ਨਾਨਕ ਨੂਰਾਨੀ ਉਹਨੂੰ ਨਾਮ ਦੀ ਖੁਮਾਰੀ।
ਓਹੋ ਪੀਰ ਗੁਰੂ ਰਹਿਬਰ ਉਹੋ ਜੋਤ ਨਿਰੰਕਾਰੀ।
ਦੇਵੇ ਬਾਣੀ ਵਿੱਚ ਗੀਤਾ, ਤੇ ਕੁਰਾਨ ਦਾ ਹਵਾਲਾ।

ਗੁਰੂ ਤਾਰੀ ਜਾਂਦਾ ਆਲਮ ਬਾਬਾ ਪਾਉਣਹਾਰੀ।
ਓਹ ਸਵਾਸ ਸਵਾਸ ਸਿਮਰੇ ਕਰੇ ਧੁਨ ਦੀ ਸਵਾਰੀ।
ਪ੍ਰੇਮ ਦੇ ਨਾਲ ਖੋਲੇ, ਨਾਨਕ ਸੁਰਤੀ ਵਾਲਾ ਤਾਲਾ।

# ਗਿਆਨ ਦਾ ਚਾਨਣ

ਗੀਤ ਪਿਆਰ ਗਾਏਗਾ ਉਹ ਗਿਆਨ ਦਾ ਚਾਨਣ ਕਰੇਗਾ।
ਰੂਪ ਰੱਬ ਦਾ ਨਾਨਕ ਵੀਰਾ ਦੁਖੀਆਂ ਦੇ ਦੁੱਖ ਹਰੇਗਾ।

ਵੇਈਂ ਨਦੀ ਵਿੱਚ ਚੁੱਭੀ ਮਾਰੀ ਛੇਤੀ ਵਾਪਸ ਆਏਗਾ।
ਮੂਲ ਮੰਤਰ ਨਿਰੰਕਾਰ ਦਾ ਸਭ ਨੂੰ ਆਣ ਸੁਣਾਏਗਾ।
ਇਕ ਓਂਕਾਰ ਸਤਿਨਾਮ ਦਾ ਸਭ ਨੂੰ ਜਾਪ ਕਰਾਏਗਾ।
ਜੋ ਵੀ ਉਸਦੀ ਸ਼ਰਨ ਆ ਗਿਆ ਭਵਸਾਗਰ ਤੋਂ ਤਰੇਗਾ।
ਗੀਤ ਪਿਆਰ ਗਾਏਗਾ ਉਹ.................................

ਨਿਰੰਕਾਰ ਨੇ ਘੱਲਿਆ ਉਸਨੂੰ, ਹਰ ਕੋਈ ਸੀਸ ਝੁਕਾਏਗਾ।
ਵੰਡ ਕੇ ਖਾਣਾ ਕੱਠੇ ਰਹਿਣਾ ਸਭ ਨੂੰ ਏਹੋ ਸਿਖਾਏਗਾ।
ਰਾਜੇ ਸੀਂਹ ਮੁਕੱਦਮ ਕੁੱਤੇ ਰਾਜਿਆਂ ਤਾਈਂ ਸੁਣਾਏਗਾ।
ਡਰ ਨਾ ਕਿਸੇ ਨੂੰ ਦੇਵੇਗਾ, ਨਾ ਉਹ ਕਿਸੇ ਤੋਂ ਡਰੇਗਾ।
ਗੀਤ ਪਿਆਰ ਗਾਏਗਾ ਉਹ.................................

ਭੁੱਲੇ ਭਟਕੇ ਸਿੱਧਾਂ ਨੂੰ ਉਹ ਆਕੇ ਰਸਤੇ ਪਾਏਗਾ।
ਹੱਕ ਸੱਚ ਦੀ ਰਾਖੀ ਕਰਨੀ, ਕਰਨੀ ਕਿਰਤ ਸਿਖਾਏਗਾ।
ਨੇਕੀ ਜਾਣੀ ਨਾਲ ਅੰਤ ਨੂੰ ਆਲਮ ਨੂੰ ਸਮਝਾਏਗਾ।
ਜੋ ਵੀ ਜੈਸਾ ਕਰੇਗਾ, ਵੈਸਾ ਹੀ ਉਹ ਭਰੇਗਾ।

## ਅੰਬਰ ਤੈਨੂੰ ਧਰਤੀ ਆਖਾਂ

ਈਸ਼ਰ ਤੂੰ ਹੈ ਆਨੰਦ ਵੀ ਤੂੰ ਹੈ, ਨੂਰਾਨੀ ਹੈ ਦਰਬਾਰ ਤੇਰਾ।
ਰੋਮ ਰੋਮ ਸਾਡੇ ਰਚਿਆ ਮਿਚਿਆ ਰੂਹਾਨੀ ਏ ਪਿਆਰ ਤੇਰਾ।
ਗੁਰ ਨਾਨਕ ਦੇ ਚਰਨੀਂ ਲਗ ਕੇ ਸਭ ਜੱਗ ਤੂੰ ਹੈਂ ਤਾਰ ਦਿੱਤਾ।
ਮੈਥੋਂ ਏਨੀ ਭੁੱਲ ਕੀ ਹੋਈ ਮੈਨੂੰ ਕਿਉਂ ਵਿਸਾਰ ਦਿੱਤਾ।
ਔਗੁਣ ਮੇਰੇ ਬਖਸ਼ ਦੇ ਸਾਰੇ ਮੈਂ ਕੂਕਰ ਸੇਵਾਦਾਰ ਤੇਰਾ।
ਈਸ਼ਰ ਤੂੰ ਹੈਂ..............................

ਅੰਬਰ ਤੈਨੂੰ ਧਰਤੀ ਆਖਾਂ, ਤੂੰ ਮੇਚ ਕਿਤੇ ਵੀ ਆਉਂਦਾ ਨਹੀਂ।
ਤੇਰੇ ਤੁੱਲ ਤਾਂ ਚੀਜ਼ ਨਾ ਕੋਈ ਕਿਤੇ ਵੀ ਤੂੰ ਸਮਾਉਂਦਾ ਨਹੀਂ।
ਤੂੰ ਬੇਅੰਤ ਤੈਨੂੰ ਕਿੰਜ ਕੋਈ ਜਾਣੇ, ਵੱਡਾ ਰੂਪ ਅਪਾਰ ਤੇਰਾ।
ਈਸ਼ਰ ਤੂੰ ਹੈਂ..............................

ਤੇਰੇ ਪੁੱਤਰਾਂ ਮਹਿਕ ਖਿਲਾਰੀ, ਜਿਨ੍ਹਾਂ ਬਚਨ ਕਮਾਏ ਨੇ।
ਤੇਰੇ ਸੇਵਾਦਾਰਾਂ ਜੱਗ 'ਤੇ ਕਈ ਨਾਨਕਸਰ ਬਣਾਏ ਨੇ।
ਜਦ ਤੱਕ ਰਹਿਣੇ ਚੰਦ ਸਿਤਾਰੇ, ਜੱਸ ਗਾਉਂਦਾ ਰਹੂ ਸੰਸਾਰ ਤੇਰਾ।
ਈਸ਼ਰ ਤੂੰ ਹੈਂ..............................

ਸੇਵਾ ਸਿਮਰਨ ਭਗਤੀ ਕਰਕੇ, ਗੁਰੂ ਦਾ ਨਾਂ ਰੁਸ਼ਨਾਇਆ ਤੂੰ।
ਸੱਚਖੰਡ ਨਿਰੰਕਾਰ ਰੂਪ ਜੋ, ਧਰਤੀ 'ਤੇ ਪ੍ਰਗਟਾਇਆ ਤੂੰ।
ਆਲਮ ਦੇ ਵਿੱਚ ਸਭ ਲਈ ਸਾਂਝਾ, ਨਾਨਕਸਰ ਪ੍ਰਚਾਰ ਤੇਰਾ।
ਈਸ਼ਰ ਤੂੰ ਹੈਂ..............................

*ਰਾਗੀ ਹਰਵਿੰਦਰ ਸਿੰਘ ਜਗਰਾਉਂ ਵਾਲਿਆਂ ਨੇ ਗਾਇਆ ਰੀਕਾਰਡਿਡ*

## ਸਿਰਾਂ ਦਾ ਮੁੱਲ ਹੈ ਪੈਣਾ

ਰੋਹ ਵਿੱਚ ਬੋਲੇ ਛੇਵੇਂ ਸਤਿਗੁਰ, ਚੁੱਕ ਲਵੋ ਤਲਵਾਰਾਂ ਨੂੰ।
ਰਹਿਣ ਨਹੀ ਦੇਣਾ, ਰਹਿਣ ਨਹੀ ਦੇਣਾ ਹੁਣ ਜ਼ਾਲਮ ਸਰਕਾਰਾਂ ਨੂੰ।

ਹੁਣ ਨਾ ਕੋਈ ਸੱਚਾ ਸਤਿਗੁਰ ਤਵੀਆਂ ਉਤੇ ਬਿਠਾਇਆ ਜਾਊ।
ਹੁਣ ਨਾ ਕਿਸੇ ਨੂੰ ਧਿੰਗੋ ਜ਼ੋਰੀਂ ਮੁਸਲਮਾਨ ਬਣਾਇਆ ਜਾਊ।
ਹੁਣ ਨਾ ਹਿੰਦੂ ਦੀ ਇਜ਼ੱਤ ਨੂੰ ਮਿੱਟੀ ਵਿੱਚ ਮਿਲਾਇਆ ਜਾਊ।
ਅੱਜ ਅਸਾਂ ਨੇ ਮਾਰ ਮੁਕਾਉਣਾ ਧਰਮ ਦੇ ਠੇਕੇਦਾਰਾਂ ਨੂੰ।
ਰਹਿਣ ਨਹੀਂ ਦੇਣਾ.........................

ਮਾਨਵ ਦਾ ਹੈ ਧਰਮ ਆਜ਼ਾਦੀ ਧਰਮ ਅਸਾਂ ਨੇ ਖੋਣ ਨਹੀਂ ਦੇਣਾ।
ਬੰਦੇ ਦਾ ਅੱਜ ਬੰਦੇ ਮੂਹਰੇ ਸੀਸ ਇਉਂ ਨੀਵਾਂ ਹੋਣ ਨਹੀਂ ਦੇਣਾ।
ਸਭ ਤੋਂ ਔਖਾ ਬੋਝ ਗੁਲਾਮੀ ਮੁਜ਼ਲੂਮਾਂ ਨੂੰ ਢੋਣ ਨਹੀਂ ਦੇਣਾ।
ਚੱਲ ਪਏ ਹਾਂ ਸਿਰ ਕਫ਼ਨ ਬੰਨ੍ਹ ਕੇ ਹੱਥਾਂ 'ਚ ਲੈ ਹਥਿਆਰਾਂ ਨੂੰ।
ਰਹਿਣ ਨਹੀਂ ਦੇਣਾ.........................

ਆਪਣਾ ਆਪ ਮਚਾਕੇ ਹੁਣ ਤਾਂ ਨ੍ਹੇਰਿਆਂ ਨੂੰ ਰੁਸ਼ਨਾਉਣਾ ਪੈਣਾ।
ਹੱਕ ਨਿਆਂ ਤੇ ਗੀਤ ਸੱਚ ਦਾ ਨਾਲ ਅਣਖ ਦੇ ਗਾਉਣਾ ਪੈਣਾ।
ਹੋਸ਼ ਦੇ ਪੈਰਾਂ ਉਤੇ ਖੜ੍ਹ ਕੇ, ਜ਼ੋਰ ਨਾਲ ਜ਼ੋਰ ਨੂੰ ਢਾਉਣਾ ਪੈਣਾ।
ਅੱਜ ਸਿਰਾਂ ਦਾ ਮੁੱਲ ਹੈ ਪੈਣਾ ਆਖ ਦਿਉ ਸਰਦਾਰਾਂ ਨੂੰ।
ਰੋਹ ਵਿੱਚ ਬੋਲੇ ਛੇਵੇਂ ਸਤਿਗੁਰ, ਚੁੱਕ ਲਵੋ ਤਲਵਾਰਾਂ ਨੂੰ।

## ਦਸਾਂ ਜਾਮਿਆ 'ਚ ਗੁਰੂ ਨਾਨਕ

ਇਕ ਨਾਮ ਤੇਰਾ ਨਾਨਕ ਦੁਨੀਆਂ ਤੇ ਅਮਰ ਹੈ।
ਕਿ ਆਦਿ ਤੋਂ ਜੁਗਾਦਿ ਤੋਂ ਇਸਦਾ ਹੀ ਜ਼ਿਕਰ ਹੈ।

ਅੰਗਦ ਤੇ ਅਮਰਦਾਸ ਨੇ ਏਹੋ ਸੀ ਸਿਮਰਿਆ।
ਮਿਟ ਮਿਟ ਕੇ ਰਾਮਦਾਸ ਨੇ ਏਹੋ ਸੀ ਉਚਰਿਆ।
ਤੱਤੀ ਤਵੀ ਤੇ ਹੱਸ ਕੇ ਏਹੋ ਸੀ ਬਹਿ ਰਿਹਾ।
ਆਪੇ ਕਰੇਂ ਕਰਾਂਵੇ ਆਪੇ ਸੀ ਕਹਿ ਰਿਹਾ।
ਆਪੇ ਖੁਦਾ ਖੁਦਾਈ, ਆਪੇ ਹੀ ਸਿਫ਼ਰ ਹੈ।
ਇਕ ਨਾਮ ਤੇਰਾ ਨਾਨਕ.................

ਛੇਵੇਂ ਗੁਰੂ 'ਚ ਸੀ ਏਹੋ ਰੂਪ ਕਿਰਪਾਨ ਦਾ।
ਹਰਿ ਰਾਇ ਹਰਿਕਿਸ਼ਨ ਤਾਂ ਸਾਗਰ ਸੀ ਗਿਆਨ ਦਾ।
ਸੀਸ ਨੌਂਵੇਂ ਗੁਰੂ ਦਾ ਜੀਵਨ ਜਹਾਨ ਦਾ।
ਏਹ ਸ਼ਾਨ ਹੈ, ਈਮਾਨ ਹੈ, ਹਿੰਦੁਸਤਾਨ ਦਾ।
ਮਰ ਮਰ ਕੇ ਤੇਰੇ ਜਿਉਣ ਤੇ ਸਭਨੂੰ ਹੀ ਫ਼ਖ਼ਰ ਹੈ।
ਇਕ ਨਾਮ ਤੇਰਾ ਨਾਨਕ.................

ਕੁਰਬਾਨੀ ਬੇਮਿਸਾਲ ਹੈ ਤੇਰੀ ਸੰਸਾਰ 'ਤੇ।
ਜੀਉਣਾ ਦਸਿਆ ਸਿੱਖ ਨੂੰ ਖੰਡੇ ਦੀ ਧਾਰ 'ਤੇ।
ਟੁਕੜੇ ਜ਼ਿਗਰ ਦੇ ਹੱਸ ਕੇ ਦੇਸ਼ ਤੋਂ ਵਾਰ ਤੇ।
ਗੋਬਿੰਦ ਤੂੰ ਅਮਰ ਹੈਂ ਨਾਨਕ ਦੇ ਪਿਆਰ ਤੇ।
ਵਾਹ ਤੇਰੀਆਂ ਕੁਰਬਾਨੀਆ ਅੰਤਾਂ ਦੀ ਸਿਖ਼ਰ ਹੈ।
ਇਕ ਨਾਮ ਤੇਰਾ ਨਾਨਕ ਦੁਨੀਆਂ 'ਤੇ ਅਮਰ ਹੈ।

## ਸਾਂਝਾ ਪੀਰ ਹੈ ਸਾਰੇ ਜਹਾਨ ਦਾ

ਏਹ ਨੂਰ ਸਾਰੀ ਧਰਤ ਦਾ ਤੇ ਅਸਮਾਨ ਦਾ।
ਨਾਨਕ ਤਾਂ ਸਾਂਝਾ ਪੀਰ ਹੈ ਸਾਰੇ ਜਹਾਨ ਦਾ।

ਧਰਤੀ 'ਤੇ ਆ ਗਿਆ ਵਾਸੀ ਸੱਚਖੰਡ ਦਾ।
ਭਗਤੀ ਦਾ ਰੂਪ ਉਹ ਦਾਸ ਆਖੰਡ ਦਾ।
ਆਪ ਪਰਦਾ ਲਾਹੁਣ ਲਈ ਭਰਮ ਪਾਖੰਡ ਦਾ।
ਭੇਦ ਦੱਸੀ ਜਾ ਰਿਹਾ ਆਪੇ ਨੂੰ ਪਾਣ ਦਾ।
ਨਾਨਕ ਤਾਂ ਸਾਂਝਾ ਪੀਰ ਹੈ ਸਾਰੇ ਜਹਾਨ ਦਾ।

ਹੋਠਾਂ 'ਤੇ ਮੁਸਕਾਨ ਹੈ ਬੋਲਾ 'ਚ ਜ਼ਿੰਦਗੀ।
ਮਨ ਦੀ ਮਾਲਾ ਕਰ ਰਿਹਾ ਨਜ਼ਰਾਂ ਦੀ ਬੰਦਗੀ।
ਐਸੀ ਦੱਸੇ ਸਾਧਨਾ ਸਿਖਰਾਂ ਦੀ ਸਾਦਗੀ।
ਸੁਰਤ ਮੱਥੇ ਲਾ ਰਿਹਾ ਟਿੱਕਾ ਗਿਆਨ ਦਾ।
ਨਾਨਕ ਤਾਂ ਸਾਂਝਾ ਪੀਰ ਹੈ ਸਾਰੇ ਜਹਾਨ ਦਾ।

ਕਿਰਤੀ ਨੂੰ ਪਿਆਰ ਦਾ ਹੰਕਾਰ ਨੂੰ ਭੰਡਦਾ।
ਆਲਮ ਹੈ ਕਰ ਰਿਹਾ ਸਫ਼ਰ ਬ੍ਰਹਮੰਡ ਦਾ।
ਵਿਚਾਰਾਂ ਵਿਚਾਰ ਕੇ ਸੋਚ ਨੂੰ ਚੰਡਦਾ।
ਪੌਣਾਂ 'ਚ ਗੀਤ ਬੋ ਰਿਹਾ ਜੀਵਨ ਦੇ ਹਾਣ ਦਾ।
ਨਾਨਕ ਤਾਂ ਸਾਂਝਾ ਪੀਰ ਹੈ ਸਾਰੇ ਜਹਾਨ ਦਾ।

## ਤੈਨੂੰ ਮਿਲੇਗਾ ਰਾਹ

ਕੀ ਹੈ ਤੇਰੀ ਦੋਸਤੀ ਤੂੰ ਦਸ ਨੀ ਹਵਾ
ਅੰਤ ਵੇਲੇ ਕੀਤੀ ਨਾ ਤੂੰ ਵੀ ਵਫ਼ਾ।

ਇਕ ਵੀ ਨਾ ਦੇ ਸਕੀ ਤੂੰ ਉਧਾਰਾ ਸਾਹ
ਹੁਕਮ ਅਗੇ ਉਸਦੇ ਨਾ ਚੱਲੀ ਤੇਰੀ ਵਾਹ।

ਕਿਥੇ ਜਾਣਾ ਤੂੰ ਏਹੋ ਦਸ ਦੇਂਦੀ।
ਤੈਥੋਂ ਤਾਂ ਏਨਾ ਵੀ ਨਾ ਹੋ ਸਕਿਆ।

ਆਲਮ ਜੇ ਸਬਰ ਤੇਰਾ ਬਲਦਾ ਰਿਹਾ
ਗੁਰੂ ਗੁਰੂ ਕਰ ਤੈਨੂੰ ਮਿਲੇਗਾ ਰਾਹ।

## ਜਗ ਵਾਲਾ ਮੇਲਾ

ਸੱਚਾ ਗੁਰੂ ਨਾਨਕ ਮੇਰਾ ਸੱਚ ਬੋਲਦਾ।
ਵਸਦਾ ਹੈ ਵਿੱਚ ਤੇਰੇ ਤੂੰ ਨਹੀਂ ਟੋਲਦਾ।

ਦਾਸ ਨਾਹੀ ਕਿਸੇ ਵੀ ਉਹ ਰੰਗ ਭੇਖਦਾ
ਉਹ ਤੇਰੇ ਕੋਲ ਵਸੇ ਤੂੰ ਨਹੀਂ ਦੇਖਦਾ।
ਸਾਹਾਂ ਵਿੰਚ ਤੇਰੇ ਉਹੀਓ ਫਿਰੇ ਖੋਲਦਾ।
ਸੱਚਾ ਗੁਰੂ ਨਾਨਕ...............

ਮਨ ਵਿੱਚ ਕੂੜਾ ਤੇਰੇ, ਤੇਰ ਮੇਰਦਾ।
ਹਰ ਵੇਲੇ ਪੈਸੇ ਦੀ ਤੂੰ ਮਾਲਾ ਫੇਰਦਾ।
ਤਾਹੀਓਂ ਹਰ ਘੜੀ, ਤੇਰਾ ਚਿੱਤ ਡੋਲਦਾ।
ਸੱਚਾ ਗੁਰੂ ਨਾਨਕ...............

ਸੁੱਤਿਆ ਤੂੰ ਜਾਗ ਵੇਲਾ ਨਾਹੀ ਸੌਣਦਾ
ਬਲ ਫੇਰ ਮੁੱਕ ਜਾਣਾ ਜਾਗ ਆਉਣਾ ਦਾ।
ਲਗਣਾ ਨਾ ਪਤਾ ਤੈਨੂੰ ਵੱਜੇ ਢੋਲ ਦਾ।
ਸੱਚਾ ਗੁਰੂ ਨਾਨਕ...............

ਉਚੇ ਪੱਕੇ ਮਹਿਲ ਤੂੰ ਬਣਾਈਂ ਜਾ ਰਿਹਾ।
ਅੱਗੇ ਕੋਈ ਰਹਿਣਾ ਨਾਹੀ, ਪਿਛੇ ਨਾ ਰਿਹਾ।
ਪਲ ਵਿੱਚ ਉੱਡ ਜਾਣਾ, ਏਹ ਪੰਛੀ ਬੋਲਦਾ।
ਸੱਚਾ ਗੁਰੂ ਨਾਨਕ...............

## ਨਾਨਕ ਸੁਣ ਸੁਣ ਜੀਵਾਂ

ਨਾਨਕ ਦੇਖਾਂ ਨਾਨਕ ਆਖਾਂ ਨਾਨਕ ਸੁਣ ਸੁਣ ਜੀਵਾਂ।
ਨਾਨਕ ਲਿਖਾਂ ਨਾਨਕ ਪੜ੍ਹਾਂ ਨਾਨਕ ਸੋਚ ਸਾਚੀਵਾਂ।

ਰੋਮ ਰੋਮ ਮੇਰਾ ਨਾਨਕ ਆਖੇ ਨਾਨਕ ਨਾਨਕ ਜਪਾਂ।
ਧੰਨ ਗੁਰ ਨਾਨਕ ਧੰਨ ਗੁਰ ਨਾਨਕ, ਏਹੋ ਰਾਗ ਅਲਪਾਂ।
ਨਾਨਕ ਜਾਗਾਂ ਨਾਨਕ ਸੌਵਾਂ ਨਾਨਕ ਹੀ ਸੁਪਨੀਵਾਂ।

ਨਾਨਕ ਨਾਨਕ ਕਰਦਾ ਕਰਦਾ ਨਾਨਕ ਹੀ ਹੋ ਜਾਵਾਂ।
ਸਵਾਸ ਸਵਾਸ ਮੈਂ ਨਾਨਕ ਆਖਾਂ ਨਾਨਕ ਵਿੱਚ ਖੋ ਜਾਵਾਂ।
ਨਾਨਕ ਜੀਵਾਂ, ਨਾਨਕ ਮਰਜਾਂ, ਨਾਨਕ ਕਿਰਤ ਕਰੀਵਾਂ।

ਨਾਨਕ ਨਾਨਕ ਘਰ ਵਿੱਚ ਵੱਸਾਂ ਨਾਨਕ ਰੋਵਾਂ ਨਾਨਕ ਹੱਸਾਂ।
ਨਾਨਕ ਨਾਨਕ ਸਭ ਨੂੰ ਪੁੱਛਾਂ ਨਾਨਕ ਨਾਨਕ ਸਭ ਨੂੰ ਦੱਸਾਂ।
ਦਿਲ ਵੀ ਨਾਨਕ ਧੜਕੇ ਨਾਨਕ ਔਖਾ ਕਿੰਜ ਦਸੀਵਾਂ।

ਨਾਨਕ ਪਵਣੇ ਨਾਨਕ ਪਾਣੀ ਨਾਨਕ ਵਿੱਚ ਅਸਮਾਨਾ।
ਨਾਨਕ ਧਰਤੀ ਨਾਨਕ ਪਤਾਲੀਂ ਹੈ ਨਾਨਕ ਸਭ ਸਮਾਨਾ।
ਊਚ ਨੀਚ ਤੇ ਨਾਨਕ ਬਾਹਰਾ ਨਾਨਕ ਨੀਂਵ 'ਤੇ ਨੀਵਾਂ।

ਨਾਨਕ ਮੇਰਾ ਮਾਤ ਪਿਤਾ ਹੈ ਨਾਨਕ ਰਿਸ਼ਤਾ ਨਾਤਾ।
ਨਾਨਕ ਮੇਰਾ ਮਿਤਰ ਦੋਸਤ ਨਾਨਕ ਭੈਣ ਭਰਾਤਾ।
ਨਾਨਕ ਦਾ ਦੀਵਾਨਾ ਹੋ ਜਾਂ ਚਰਨਾਂ ਵਿੱਚ ਰਹੀਵਾਂ।

ਨਾਨਕ ਮੇਰੇ ਪਿੰਡ ਪ੍ਰਾਣਾ ਨਾਨਕ ਮੇਰਾ ਪਿਆਰਾ।
ਨਾਨਕ ਨਾਨਕ ਨਾਨਕ ਕਰਦਾ ਮਿਟਿਆ ਆਲਮ ਤਾਰਾ।
ਆਪੇ ਚਾਹਵੇ ਜੇ ਉਹ ਨਾਨਕ ਤਾਂ ਮੈਂ ਅਲਖ ਲਖੀਵਾਂ।

ਚੰਦ ਸੂਰਜ ਦੋਏ ਨਾਨਕ ਨਾਨਕ, ਨਾਨਕ ਦਿਨ ਤੇ ਰਾਤੀਂ।
ਨਾਨਕ ਰੁਤੀਂ ਨਾਨਕ ਤਿਥੀਂ ਨਾਨਕ ਸਭਨੀਂ ਜਾਤੀਂ।
ਆਲਮ ਆਖੇ ਨਾਨਕ ਨਾਨਕ, ਨਾਨਕ ਗੀਤ ਲਿਖੀਂਵਾਂ।

## ਸੁਰ ਰਬਾਬ ਦੀ

ਛੇੜ ਦੇਹ ਗੁਰੂ ਨਾਨਕ ਕੋਈ, ਐਸੀ ਸੁਰ ਰਬਾਬ ਦੀ।
ਜਿੰਦਾ ਹੋਵੇ ਉਠ ਖਲੋਵੇ, ਏਹ ਮੁਰਦਾ ਰੂਹ ਪੰਜਾਬ ਦੀ।

ਤੂੰ ਹੈਂ ਗੁਰੂ ਕਾਮਲ, ਤੂੰ ਹੈ ਮਰਦ ਸੂਰਾ, ਪੰਜਾਬ ਲਈ।
ਐਸੀ ਕਲਾ ਖੇਡ ਕੋਈ, ਪੰਜਾਬੀ ਦਿਲ ਬੇਤਾਬ ਲਈ।
ਐਸਾ ਸ਼ਬਦ ਉਚਾਰ ਕੋਈ, ਮਤ ਉੱਚੀ ਹੋਏ ਸ਼ਬਾਬ ਦੀ।
ਛੇੜ ਦੇਹ ਗੁਰੂ ਨਾਨਕ ਕੋਈ........................

ਘੇਰ ਲਏ ਨੇ ਸਿੱਖ ਤੇਰੇ, ਘੁੰਮਣ ਘੇਰੀ ਮੰਝਧਾਰ ਨੇ।
ਬੇੜੀ ਕੀਤੀ ਡਾਵਾਂ ਡੋਲ, ਖੁਦਗਰਜ਼ੀਆਂ ਦੇ ਭਾਰ ਨੇ।
ਤੈਨੂੰ ਹੀ ਬਚਾਉਣੀ ਪੈਣੀ, ਇਸਤੇ ਮੋਹਰ ਤੇਰੇ ਨਾਂਵ ਦੀ।
ਛੇੜ ਦੇਹ ਗੁਰੂ ਨਾਨਕ ਕੋਈ........................

ਲਹੂ ਭਿੱਜੀ ਮਿੱਟੀ ਬਾਬਾ, ਹੈ ਇਕੋ ਕਰਦੀ ਬੇਨਤੀ।
ਖ਼ੂਨ ਸੋਹਿਲੇ ਬੰਦ ਕਰਕੇ, ਪਿਆਰ ਦੀ ਕਰ ਆਰਤੀ।
ਹਉਮੈ ਸਾਰੀ ਕੱਢ ਕੇ, ਦੇਹ ਅਕਲ ਕੋਈ ਹਿਸਾਬ ਦੀ।
ਛੇੜ ਦੇਹ ਗੁਰੂ ਨਾਨਕ ਕੋਈ........................

ਚੌਧਰਾਂ ਤੇ ਲਾਲਚਾਂ ਵਿੱਚ, ਸਿੱਖ ਸਾਰੇ ਰੁੱਲ ਗਏ।
ਬਾਣਾ ਤੇਰਾ ਪਾਈ ਫਿਰਦੇ, ਫ਼ਰਜ਼ ਤੇਰੇ ਭੁੱਲ ਗਏ।
ਆਲਮ ਕਿੱਥੋਂ ਲੱਭ ਕੇ ਲਿਆਈਏ, ਰੰਗ ਮਹਿਕ ਗੁਲਾਬ ਦੀ
ਛੇੜ ਦੇਹ ਗੁਰੂ ਨਾਨਕ ਕੋਈ........................

## ਸਾਂਝਾ ਗੁਰੂ ਨਾਨਕ

ਨਾਨਕ ਗੁਰੂ ਹੈ ਸਾਂਝਾ ਸਭ ਦਾ।
ਰੱਬ ਤੋਂ ਵੀ ਮੈਨੂੰ ਸੁਹਣਾ ਲਗਦਾ।

ਹਰ ਪਾਸੇ ਹੀ ਨਾਮ ਹੈ ਉਸਦਾ।
ਬੁਧ ਮੀਰਾ ਸ਼ਾਮ ਹੈ ਉਸਦਾ।
ਅੱਲਾ ਈਸਾ ਰਾਮ ਹੈ ਉਸਦਾ।
ਇਸ਼ਕ ਹੀ ਪੈਗ਼ਾਮ ਹੈ ਉਸਦਾ।
ਨਾਨਕ ਗੁਰੂ ਹੈ ਸਾਂਝਾ ਸਭ ਦਾ।

ਜੀਵਨ ਏਹ ਦੁਰਲਭ ਹੈ ਮੇਰਾ।
ਜਬ ਕਬ ਤਬ, ਅਬ ਹੈ ਮੇਰਾ।
ਉਹ ਮੇਰਾ ਤਾਂ ਸਭ ਹੈ ਮੇਰਾ।
ਗੁਰੂ ਨਾਨਕ ਹੀ ਰੱਬ ਹੈ ਮੇਰਾ।
ਨਾਨਕ ਗੁਰੂ ਹੈ ਸਾਂਝਾ ਸਭ ਦਾ।

ਨਾਨਕ ਬਿਨ ਮੈਂ ਮਰਦੀ ਜਾਵਾਂ
ਸਾਹਾਂ ਬਿਨ ਮੈਂ ਜੀਵਾਂ ਜਾਂਵਾਂ।
ਐਸੀ ਕੋਈ ਬਿਧ ਬਣਾਵਾਂ।
ਉਸਨੂੰ ਆਪਣੇ ਕੋਲ ਬੁਲਾਵਾਂ।
ਨਾਨਕ ਗੁਰੂ ਹੈ ਸਾਂਝਾ ਸਭ ਦਾ।

ਜੋ ਮੈਂ ਮੰਗਾ ਉਹ ਦੇਈ ਜਾਵੇ।
ਮੰਗ ਕੇ ਮੇਰਾ ਮਨ ਪਛਤਾਵੇ।
ਮੰਗਣਾ ਵੀ ਨਾ ਮੈਨੂੰ ਆਵੇ।

ਉਹੀ ਦੇਵੀਂ ਜੋ ਤੈਨੂੰ ਭਾਵੇ।
ਨਾਨਕ ਗੁਰੂ ਹੈ ਸਾਝਾ ਸਭ ਦਾ।

ਮੇਰਾ ਹੈ ਉਹ ਖਾਸ ਲਿਹਾਜੀ।
ਨਾ ਮੈਂ ਮੁੱਲਾ ਨਾ ਮੈਂ ਕਾਜ਼ੀ।
ਨਾ ਮੈਂ ਪੰਡਤ ਨਾ ਮੈਂ ਹਾਜੀ।
ਨਾ ਮੈਂ ਗਿਆਨੀ ਨਾ ਮੈਂ ਸਾਜੀ।
ਉਹ ਹੈ ਭੇਤੀ ਮੇਰੀ ਰਗ ਰਗ ਦਾ।
ਨਾਨਕ ਗੁਰੂ ਹੈ ਸਾਝਾ ਸਭ ਦਾ।

ਨਾਨਕ ਮੈਨੂੰ ਆਖੇ ਆਕੇ।
ਆ ਮੇਰੇ ਵਿੱਚ ਵੱਸ ਜਾ ਆਕੇ।
ਮੈਂ ਫਿਰ ਉਥੇ ਵੱਸ ਜਾਂ ਜਾਕੇ।
ਰਹਿ ਜਾ ਉਹਦੇ ਵਿੱਚ ਸਮਾ ਕੇ।
ਹੋ ਜੇ ਮੇਲ ਪਾਣੀ ਅੱਗ ਦਾ।
ਨਾਨਕ ਗੁਰੂ ਹੈ ਸਾਝਾ ਸਭ ਦਾ।

ਬੁੱਕਲ ਦੇ ਵਿੱਚ ਲਾਡ ਲਡਾਵੇ।
ਨਾਮ ਖੁਮਾਰੀ ਦੇਈ ਜਾਵੇ।
ਆਪਣਾ ਆਪੇ ਨਾਮ ਜਪਾਵੇ।
ਹਰ ਬੰਧਨ ਤੋਂ ਮੁਕਤ ਕਰਾਵੇ।
ਨਾਨਕ ਗੁਰੂ ਹੈ ਸਾਝਾ ਸਭ ਦਾ।

ਨਾਨਕ ਮੈਨੂੰ ਗਲ ਨਾਲ ਲਾਵੇ।
ਨਾਨਕ ਮੈਨੂੰ ਚੀਰ ਮੁਕਾਵੇ।
ਸਦਾ ਲਈ ਮੈਨੂੰ ਚਰਨੀਂ ਲਾਵੇ।
ਚੰਗਾ ਹੈ ਜੋ ਉਹਨੂੰ ਭਾਵੇ।
ਨਾਨਕ ਗੁਰੂ ਹੈ ਸਾਝਾ ਸਭ ਦਾ।

ਹਰ ਸ਼ੈ ਨੂੰ ਦਿਲ ਨਾਨਕ ਆਖੇ।
ਹਰ ਕੋਈ ਮੈਨੂੰ ਨਾਨਕ ਭਾਖੇ।
ਆਲਮ ਤਾਰਾ ਨਾਨਕ ਚਾਖੇ।
ਰੋਮ ਰੋਮ ਮੇਰਾ ਨਾਨਕ ਆਖੇ।
ਨਾਨਕ ਗੁਰੂ ਹੈਂ, ਨੂਰ ਜਗਦਾ।

## ਮੈਂ ਭੀਖਕ

ਵਿਦਿਆ ਵਿਚਾਰੀ ਤਾਂ ਪਰਉਪਕਾਰੀ।
ਧੰਨ ਗੁਰੂ ਨਾਨਕ ਤੂੰ ਨਿਰੰਕਾਰੀ।

ਬੇਨਤੀ ਮੇਰੀ ਤੇਰੇ ਮਨ ਲਾਗੇ।
ਉਜਲ ਕਰ ਮਤ ਸਦ ਸਦ ਜਾਗੇ।

ਪਲ ਵਿੱਚ ਸਾਰਾ ਯਾਦ ਹੋ ਜਾਵੇ।
ਜੋ ਜੋ ਬਾਬਾ ਤੈਨੂੰ ਭਾਵੇ।

ਅਗਮ ਨਿਗਮ ਦੀ ਸੋਝੀ ਦੇਦੇ।
ਜੋ ਤੂੰ ਆਖੇਂ ਆਖਾਂ ਸੇ ਸੇ।

ਬਖਸ਼ ਦੇਹ ਔਗੁਣ ਸਤਿਗੁਰ ਸਾਰੇ।
ਮੈਂ ਭੀਖਕ ਹਾਂ ਤੇਰੇ ਦੁਆਰੇ।

# ਸੰਤ ਸਿਪਾਹੀ ਤੇ ਸਰਦਾਰ

ਗੁਰੂ ਗੋਬਿੰਦ ਦੇ ਕਾਲਜ ਅੰਦਰ, ਭਗਤੀ ਸ਼ਕਤੀ ਅਤੇ ਪਿਆਰ।
ਏਥੋਂ ਪੜ੍ਹਕੇ ਬਣਕੇ ਜਾਣੇ, ਸੰਤ ਸਿਪਾਹੀ ਤੇ ਸਰਦਾਰ।

ਵਿਦਿਆ ਸਾਡੀ ਸੱਚੀ ਭਗਤੀ ਇਸਨੂੰ ਪੜ੍ਹੀਏ ਗਾਈਏ।
ਗੁਰੂ ਦੀ ਮਤ ਨੂੰ ਹਰ ਭਾਸ਼ਾ ਵਿੱਚ ਦੇਸ਼ੋ ਦੇਸ਼ ਪਹੁੰਚਾਈਏ।
ਰੋਮ ਰੋਮ ਵਿੱਚ ਬਾਲ ਕੇ ਅੱਖਰ, ਵੰਡੀਏ ਵਿੱਚ ਸੰਸਾਰ।
ਗੁਰੂ ਗੋਬਿੰਦ ਦੇ ਕਾਲਜ........................

ਉੱਚਾ ਪੜ੍ਹਕੇ ਨੀਵੇਂ ਹੋਕੇ, ਸਭ ਦੀ ਸੇਵਾ ਕਰੀਏ।
ਦੁਨੀਆ ਦਾ ਏਹ ਡੂੰਘਾ ਸਾਗਰ, ਵਿਦਿਆ ਪੜ੍ਹਕੇ ਤਰੀਏ।
ਹਰ ਭਾਸ਼ਾ ਦਾ ਹਰ ਬੋਲੀ ਦਾ ਕਰੀਏ ਮਾਣ ਸਤਿਕਾਰ।
ਗੁਰੂ ਗੋਬਿੰਦ ਦੇ ਕਾਲਜ........................

ਮਨ ਦੀ ਧਰਤੀ ਉਤੇ ਡੂੰਘਾ, ਗਿਆਨ ਦਾ ਹਲ ਚਲਾਈਏ।
ਆਲਮ ਦੇ ਵਿੱਚ ਮਹਿਕੇ ਟਹਿਕੇ, ਐਸੀ ਫਸਲ ਉਗਾਈਏ।
ਗੁਰੂ ਜੀ ਸਾਨੂੰ ਸਿਖਿਆ ਦੇ ਗਏ ਵਾਰ ਕੇ ਸਭ ਪਰਵਾਰ।
ਗੁਰੂ ਗੋਬਿੰਦ ਦੇ ਕਾਲਜ........................

# ਸਾਡੇ ਮੱਥੇ ਰੱਬ ਲਿਖਿਆ

ਸਾਡੇ ਮੱਥੇ ਰੱਬ ਨੇ ਲਿਖਿਆ, ਤੁਰਨਾ ਤੁਰਨਾ ਤੁਰਨਾ।
ਸਾਰਾ ਜੱਗ ਹੈ ਇਕੋ ਰੱਬ ਦਾ ਇਕੋ ਉਸਦਾ ਫੁਰਨਾ।

ਚੰਗਾ ਮੰਦਾ ਮੇਲ ਵਿਛੋੜਾ ਏਹ ਹੈ ਜਗ ਦਾ ਧੰਧਾ।
ਸਭ ਕੁਝ ਉਸਨੇ ਆਪ ਬਣਾਇਆ ਨਾ ਕੋ ਚੰਗਾ ਨਾ ਕੋ ਮੰਦਾ।
ਉਸਦਾ ਨੂਰ ਸਿਖਾਵੇ ਸਾਨੂੰ ਨਦੀਆਂ ਵਾਂਗੂੰ ਚਲਣਾ।

ਬੱਦਲ ਤੇ ਪਰਛਾਵਾਂ ਦੋਵੇਂ ਦਸਦੇ ਆਉਣਾ ਜਾਣਾ।
ਦਿਨ ਢਲੇ ਪਰਛਾਵਾਂ ਢਲਦਾ ਬੱਦਲ ਮੰਨਦਾ ਭਾਣਾ।
ਜਿੱਥੇ ਪਉਣ ਲਿਜਾਵੇ ਸਾਨੂੰ ਉਥੇ ਜਾਕੇ ਵਰ੍ਹਨਾ।

ਮਰਕੇ ਸਭ ਕੁਝ ਇਕੋ ਜਾਪੇ ਜੇਕਰ ਮਰਨਾ ਆਵੇ।
ਮੌਤ ਦਾ ਸਿਮਰਨ ਸਭ ਤੋਂ ਉੱਚਾ ਜੇ ਕੋਈ ਕਰਦਾ ਜਾਵੇ।
ਆਪਣਾ ਆਪ ਮਿਟਾ ਕੇ ਆਲਮ ਸਾਗਰ ਆਵੇ ਤਰਨਾ।

## ਦੁਨੀਆਂ ਏਹ ਸਰਾਂ

ਨਾ ਕੁਝ ਸੀਗਾ, ਨਾ ਕੁਝ ਹੈਗਾ, ਨਾਹੀ ਏਥੇ ਹੋਣਾ।
ਦੁਨੀਆਂ ਏਹ ਸਰ੍ਹਾਂ ਦੇ ਅੰਦਰ ਬਣਕੇ ਰਹਿ ਪ੍ਰਾਹੁਣਾ।

ਤੂੰ ਇਕ ਸੁਪਨਾ ਲੱਖਾਂ ਸੁਪਨੇ ਹਰ ਪਲ ਘੜ੍ਹਦਾ ਜਾਵੇਂ।
ਹਰ ਸੁਪਨੇ ਵਿੱਚ ਲੱਖਾਂ ਖਾਹਸ਼ਾਂ ਹੋਰ ਤੋਂ ਹੋਰ ਬਣਾਵੇ।
ਢੋਰਾਂ ਨਾਲੋਂ ਭਾਰ ਜ਼ਿਆਦਾ ਕਰਦਾ ਹਰ ਪਲ ਢੋਣਾ।
ਨਾ ਕੁਝ ਸੀਗਾ..........................

ਕਲ ਵੀ ਨਹੀਂ ਸੀ ਅੱਜ ਵੀ ਨਹੀਂ ਤੂੰ ਜੇਕਰ ਸਚੀਂ ਜਾਣੇਂ।
ਜਿਨਾ ਤੂੰ ਸਿਆਣਾ ਬਣਦਾ ਓਨੇ ਉਲਝਣ ਤਾਣੇ।
ਕਿਥੋਂ ਆਇਆ ਕਿਥੇ ਜਾਣਾ ਜੇ ਤੂੰ ਏਹ ਪਛਾਣੇਂ।
ਮਿਹਰ ਕਰੇ ਜੇ ਸਤਿਗੁਰ ਆਪਣੀ ਸਫਲ ਤਾਂ ਜਾਣਾ ਆਉਣਾ।

ਜੀਉਂਦੇ ਜੀ ਜੇ ਮਰਨਾ ਆਵੇ ਤਾਹੀਂ ਸੁਪਨਾ ਟੁੱਟੇ।
ਆਪਣੀ ਜੇ ਉਹ ਮਿਹਰ ਕਰੇ ਤਾਂ ਤਾਹੀਂ ਦੇਹੀ ਛੁੱਟੇ।
ਸਾਰਾ ਆਲਮ ਇਕੋ ਜਾਪੇ ਇਕੋ ਹਸਣਾ ਰੋਣਾ।

ਨਾ ਕੁਝ ਸੀਗਾ ਨਾ ਕੁਝ ਹੈਗਾ ਨਾਹੀ ਏਥੇ ਹੋਣਾ।
ਦੁਨੀਆ ਏਹ ਸਰਾਂ ਦੇ ਅੰਦਰ ਬਣਕੇ ਰਹਿ ਪਰ੍ਹਾਉਣਾ।

## ਸਾਹਾਂ ਦੇ ਲਾਲ

ਯਾਦ ਤੇਰੀ ਸਦਾ, ਧੜਕਣਾਂ ਦੇ ਨਾਲ ਨਾਲ।
ਦਿਨੇ ਰਾਤੀਂ ਆਉਂਦੇ ਨੇ, ਤੇਰੇ ਖਿਆਲ।

ਜੋ ਹੋਣਾ ਸੀ ਉਹ ਹੋਣਾ ਸੀ।
ਕੋਈ ਨਾ ਸਕੇ ਹੋਣੀ ਟਾਲ।

ਮੇਰੇ ਖਾਬਾਂ 'ਚ ਆਜਾ, ਤੂੰ ਰੋਲ ਨਾ,
ਐਵੇਂ ਜਾ ਰਹੇ ਨੇ ਸਾਹਾਂ ਦੇ ਲਾਲ।

ਜੋ ਵੀ ਤੂੰ ਸਮਝੇ, ਰੋਵਣਾ ਜਾਂ ਗਾਵਣਾ,
ਸਾਨੂੰ ਆਉਂਦੀ ਨਹੀਂ ਸੁਰ ਨਾ ਤਾਲ।

# ਆਲਮ ਦੀ ਭੀੜ

ਸਫਲ ਜ਼ਿੰਦਗੀ ਹੋ ਜਾਏ, ਜੇ ਬਣ ਜਾਏ ਪਿਆਰੇ ਦੀ।
ਕਿਰਪਾ ਕਰੇਂ ਜੇ ਸੁਣ ਲਵੇਂ, ਏਹ ਹਿਜਰ ਦੇ ਮਾਰੇ ਦੀ।

ਡੁੱਬ ਜਾਵੇਂ ਜੇ ਸ਼ਰਧਾ ਸਾਗਰ, ਭਰੋਸੇ ਦੇ ਨਾਲ
ਡੂੰਘਾਈਆਂ ਨੂੰ ਜਾ ਮਿਲੇਂ ਲੋੜ ਨਹੀਂ ਕਿਨਾਰੇ ਦੀ।

ਹਿਜਰ ਦੇ ਜ਼ਖਮਾਂ ਦੀ ਪੀੜ ਜਦੋਂ, ਵਸਲਾਂ 'ਚ ਹੋਵੇਗੀ,
ਲੋੜ ਓਦੋਂ ਤਾਂ ਪਵੇਗੀ ਦੋਹਾਂ ਨੂੰ ਹੀ ਸਹਾਰੇ ਦੀ।

ਤੜਪਦੇ ਬੇਜ਼ਾਰ ਦਿਲ ਦੀ ਹਾਲਤ ਮੈਂ ਕਿੰਜ ਕਹਾਂ,
ਹੋਵੇਗੀ ਜ਼ਰੂਰ ਇਉਂ, ਜਿਉਂ ਬਿਖਰੇ ਪਾਰੇ ਦੀ।

ਸਚ ਦਾ ਪਤਾ ਨਾ ਲਭਦਾ ਆਲਮ ਦੀ ਭੀੜ ਚੋਂ
ਲਭਦੀ ਨਾ ਕੋਈ ਪੈੜ ਜਿਉਂ ਟੁੱਟੇ ਹੋਏ ਤਾਰੇ ਦੀ।

# ਖਾਲਸੇ ਦਾ ਜਨਮ ਦਿਹਾੜਾ

ਖਾਲਸੇ ਦਾ ਅੱਜ ਜਨਮ ਦਿਹਾੜਾ ਆਉ ਰਲ ਮਨਾਈਏ।
ਅੰਮ੍ਰਿਤ ਵਿੱਚ ਪਤਾਸੇ ਜਿਦਾਂ ਏਵੇਂ ਘੁਲ ਮਿਲ ਜਾਈਏ।

ਦੁਖੀਆਂ ਅਤੇ ਗਰੀਬਾਂ ਦੀ ਮਨ ਲਾਕੇ ਸੇਵਾ ਕਰੀਏ।
ਗਰੀਬਾਂ ਅਤੇ ਅਨਾਥਾਂ ਲਈ ਗੁਰੂ ਦੀ ਗੋਲਕ ਭਰੀਏ।
ਮੂੰਹ ਗਰੀਬ ਦਾ ਗੁਰੂ ਦੀ ਗੋਲਕ ਗੁਰੂ ਦਾ ਬਚਨ ਕਮਾਈਏ।
ਖਾਲਸੇ ਦਾ ਅੱਜ ਜਨਮ ਦਿਹਾੜਾ......................

ਛੱਡ ਕੇ ਸਾਰੇ ਅਹੁਦੇ ਚੌਧਰ ਸੱਚੇ ਮਾਰਗ ਚਲੀਏ।
ਸਰਮ ਧਰਮ ਤੇ ਸੱਚ ਲੈ ਪੱਲੇ ਦਰਗਹ ਡੇਰਾ ਮਲੀਏ।
ਡਰਕੇ ਰਹੀਏ ਸਚ ਹੀ ਕਹੀਏ ਜੀਵਨ ਸਚ ਬਣਾਈਏ।
ਖਾਲਸੇ ਦਾ ਅੱਜ ਜਨਮ ਦਿਹਾੜਾ......................

ਗੁਰੂ ਨਾਨਕ ਦੀ ਸਾਂਝੀ ਸਿੱਖੀ ਸਾਰੇ ਜੱਗ ਤੇ ਛਾਈ।
ਗੁਰੂ ਗੋਬਿੰਦ ਸਿੰਘ ਜੀ ਪਾਹੁਲ ਦੇਕੇ ਆਪਣਾ ਰੂਪ ਬਣਾਈ।
ਬਾਣੀ ਪੜ੍ਹੀਏ ਅੰਮ੍ਰਿਤ ਛਕੀਏ ਜੀਵਨ ਲੇਖੇ ਲਾਈਏ।
ਖਾਲਸੇ ਦਾ ਅੱਜ ਜਨਮ ਦਿਹਾੜਾ......................

ਜਾਤ ਪਾਤ ਤੇ ਭਰਮ ਭੇਖ ਤੋਂ ਆਉ ਉੱਚੇ ਹੋਈਏ।
ਗੁਰਬਾਣੀ ਦੇ ਏਹ ਸੁੱਚੇ ਅੱਖਰ ਦਿਲਾਂ ਦੇ ਅੰਦਰ ਬੋਈਏ।
ਆਲਮ ਮੰਨੀਏ ਹੁਕਮ ਗੁਰੂ ਦਾ ਤਾਂਹੀਂ ਸਿੱਖ ਅਖਾਈਏ।
ਖਾਲਸੇ ਦਾ ਅੱਜ ਜਨਮ ਦਿਹਾੜਾ......................

# ਮਨ ਦੇ ਨੀਵੇਂ

ਮਨ ਦੇ ਨੀਵੇਂ ਗੁਰੂ ਪਿਆਰੇ, ਗੁਰੂ ਦੇ ਰਾਹ ਜਦੋਂ ਤੁਰਨਗੇ।
ਸਭ ਲੋਕਾਂ ਨੂੰ ਨਾਲ ਮਿਲਾਕੇ ਏਹ ਰਾਜ ਦਿਲਾਂ ਤੇ ਕਰਨਗੇ।

ਭੇਦ ਭਾਵ ਤੋਂ ਉੱਚੇ ਉਠ ਕੇ, ਜਦ ਰਹਿਮ ਸਭ ਤੇ ਕਰਨਗੇ।
ਆਪਣੇ ਆਪ ਸਾਰੇ ਲੋਕੀ, ਸੀਸ ਪੈਰੀਂ ਧਰਨਗੇ।
ਖਿਮਾ ਕਰਨੀ, ਭਲਾ ਕਰਨਾ, ਏਹ ਸਬਕ ਜਦੋਂ ਪੜ੍ਹਨਗੇ।

ਨਾ ਹੱਕ ਕਿਸੇ ਦਾ ਰਖਣਗੇ, ਨਾ ਹੀ ਕਿਸੇ ਦਾ ਖੋਹਣਗੇ।
ਨੀਵਿਆਂ ਨਮਾਣਿਆਂ ਲਈ ਜਦ ਹੱਸ ਕੁਰਬਾਨ ਹੋਣਗੇ।
ਨੌ ਨਿਧੀਆਂ ਅਠਾਰਾਂ ਸਿਧੀਆਂ, ਪੰਜ ਪੀਰ ਪਾਣੀ ਭਰਨਗੇ।

ਆਪਣੇ ਮਨ ਨਾਲ ਲੜਦੇ ਰਹਿਣਾ ਗੁਰੂ ਜੀ ਫੁਰਮਾ ਗਏ।
ਮਨ ਦੀ ਪ੍ਰਤੀ ਵਾਚਦੇ ਨਹੀਂ ਏਥੇ ਟਪਲਾ ਖਾ ਗਏ।
ਉਹੀ ਸੱਚੇ ਸਿੱਖ ਗੁਰੂ ਦੇ ਜੋ ਆਪੇ ਨਾਲ ਲੜਨਗੇ।

ਅੰਮ੍ਰਿਤ ਨਾਮ ਨਿਧਾਨ ਹੈ, ਜੋ ਅੰਮ੍ਰਿਤ ਵੇਲੇ ਪੀਣਗੇ।
ਮਨ ਆਪਣੇ ਨੂੰ ਮਾਰ ਕੇ ਜੋ ਹੁਕਮ ਅੰਦਰ ਜੀਣਗੇ।
ਆਲਮ ਦਾ ਏਹ ਗਹਿਰਾ ਸਾਗਰ ਉਹੀ ਪੁਰਖ ਤੁਰਨਗੇ।

# ਵਾਹਿਗੁਰੂ ਬੋਲ ਅੱਲ੍ਹਾ ਬੋਲ

ਵਾਹਿਗੁਰੂ ਬੋਲ ਅੱਲ੍ਹਾ ਬੋਲ ਬੋਲੀ ਜਾਹ ਤੂੰ ਦਿਨ ਤੇ ਰਾਤ।
ਰਾਮਾ ਬੋਲ ਈਸਾ ਬੋਲ ਸਾਰੇ ਨਾਮ ਨੇ ਰੱਬ ਦੀ ਦਾਤ।

ਨਵੇਂ ਸਾਲ ਦੇ ਨਵੇਂ ਸਵੇਰੇ ਲੈ ਲਉ ਖੁਸ਼ੀਆਂ ਦੇ ਪੈਗ਼ਾਮ।
ਅੱਲ੍ਹਾ ਈਸਾ ਵਾਹਿਗੁਰੂ ਰਾਮ, ਸਾਰੇ ਇਕੋ ਰੱਬ ਦੇ ਨਾਮ।
ਸਭਨਾਂ ਰੱਖੇ ਆਪਣੇ ਨਾਮ, ਸਭਨਾਂ ਬਣਾਏ ਆਪਣੇ ਧਾਮ।

ਜੇ ਤੂੰ ਇਕੋ ਰੱਬ ਨੂੰ ਮੰਨੇ ਉਸਦੇ ਅਮਲਾਂ ਨੂੰ ਨਾ ਭੰਨੇ।
ਦਰ ਦਰ ਨਾ ਤੂੰ ਠੋਕਰ ਖਾਵੇਂ ਫਿਰੇ ਨਾ ਐਵੇਂ ਅੰਨੇ ਬੰਨੇ।
ਇਕੋ ਰੱਬ ਜੋ ਤੇਰੇ ਕੋਲੇ, ਉਸਨੂੰ ਕਰਦਾ ਜਾਹ ਸਲਾਮ।

ਤੇਰਾ ਆਪਾ ਤੇਰਾ ਸਾਂਈਂ ਹੋਰ ਨਾ ਕੋਈ ਇਸ ਤੋਂ ਨੇੜੇ।
ਆਪਣੇ ਵਲ ਤੂੰ ਝਾਤੀ ਮਾਰੇਂ, ਮੁੱਕ ਜਾਣ ਸਾਰੇ ਤੇਰੇ ਗੇੜੇ।
ਸਾਰਾ ਆਲਮ ਸੱਚਾ ਸੁਪਨਾ ਸੁਪਨੇ ਦੇ ਵਿੱਚ ਜੱਪ ਲੈ ਨਾਮ।

## ਤੱਤੀ ਤਵੀ 'ਤੇ ਬੈਠੇ ਸਤਿਗੁਰ

ਤੱਤੀ ਤਵੀ 'ਤੇ ਬੈਠੇ ਸਤਿਗੁਰ ਅਰਜਨ ਦੇਵ ਪਿਆਰੇ।
ਤੇਰਾ ਭਾਣਾ ਮੀਠਾ ਲਾਗੇ, ਮੁੱਖ ਤੋਂ ਹੱਸ ਉਚਾਰੇ।

ਅੰਬਰ ਰੋਇਆ ਤਾਰੇ ਰੋਏ, ਧਰਤੀ ਫੁੱਟ ਫੁੱਟ ਰੋਈ।
ਦਿਲ ਹੋਣੀ ਦਾ ਰੋ ਰੋ ਆਖੇ ਕੀ ਅਣਹੋਣੀ ਹੋਈ।
ਲਟ ਲਟ ਕਰਦੀ ਤਪਸ਼ ਤਵੀ ਦੀ ਸੂਰਜ ਨੂੰ ਲਲਕਾਰੇ।
ਤੱਤੀ ਤਵੀ 'ਤੇ ਬੈਠੇ ਸਤਿਗੁਰ........................

ਦਿਲ ਲੋਕਾਂ ਦੇ ਡਰ ਨਾਲ ਕੰਬੇ ਮਚ ਗਈ ਹਾਲ ਦੁਹਾਈ।
ਸੱਚ ਦੀ ਬੋਲੀ ਹੰਝੂ ਬੋਲਣ, ਜੀਭ ਗਈ ਪਥਰਾਈ।
ਹੋ ਗਈਆਂ ਸੀ ਜ਼ਹਿਰ ਹਵਾਵਾਂ, ਤੱਕ ਚੰਦੂ ਦੇ ਕਾਰੇ।
ਤੱਤੀ ਤਵੀ 'ਤੇ ਬੈਠੇ ਸਤਿਗੁਰ........................

ਅੱਗ ਰੇਤੇ ਨੂੰ ਅੱਗ ਬਣਾਵੇ ਰੇਤਾ ਅੱਗ ਨੂੰ ਖਾਵੇ।
ਨਾਲ ਅੱਗ ਦੇ ਬਦਨ ਗੁਰੂ ਦਾ ਰੌਸ਼ਨ ਹੁੰਦਾ ਜਾਵੇ।
ਅੰਮ੍ਰਿਤ ਬਣ ਗਈ ਸਾਰੀ ਰਾਵੀ ਸਿਜਦਾ ਕਰਨ ਕਿਨਾਰੇ।
ਤੱਤੀ ਤਵੀ 'ਤੇ ਬੈਠੇ ਸਤਿਗੁਰ........................

ਆਲਮ ਨੂੰ ਇਹ ਕਹਿਕੇ ਤੁਰ ਗਏ, ਰੱਬ ਵਰਗੇ ਜੋ ਬੰਦੇ।
ਇਕ ਨੂਰ ਤੋਂ ਸਭ ਜਗ ਉਪਜਿਆ ਕੌਣ ਭਲੇ ਕੌਣ ਮੰਦੇ।
ਗੀਤਾ ਗ੍ਰੰਥ ਕੁਰਾਨ ਹੈ ਇਕੋ, ਇਕੋ ਰੂਪ ਨੇ ਸਾਰੇ।
ਤੱਤੀ ਤਵੀ 'ਤੇ ਬੈਠੇ ਸਤਿਗੁਰ........................
ਤੇਰਾ ਭਾਣਾ ਮੀਠਾ ਲਾਗੇ ਮੁੱਖ ਤੋਂ ਹੱਸ ਉਚਾਰੇ।

# ਮਰ ਗਏ ਹਾਂ

ਮਿਹਰ ਹੋਈ ਅਸੀਂ ਮਰ ਗਏ ਹਾਂ।
ਦੁਖ ਸੁਖ ਦੋਵੇਂ ਵਿਸਰ ਗਏ ਹਾਂ।

ਜਿੱਥੇ ਵੀ ਹਵਾ ਲੈ ਕੇ ਕੇ ਗਈ,
ਅਸੀਂ ਤਾਂ ਬਸ ਉਧਰ ਗਏ ਹਾਂ।

ਤਨ ਮਨ ਧਨ ਤੇ ਮੈਂ ਮੇਰੀ ਨੂੰ,
ਗੁਰੂ ਦੇ ਦਰ ਤੇ ਹਰ ਗਏ ਹਾਂ।

ਗੁਰ ਚਰਨਾਂ ਵਿੱਚ ਡੁੱਬੇ ਏਦਾਂ,
ਭਵਸਾਗਰ ਤੋਂ ਤਰ ਗਏ ਹਾਂ।

ਲੋੜ ਨਾ ਕੋਈ ਆਲਮ ਸਾਨੂੰ,
ਨੱਕ ਨੱਕ ਤੀਕਰ ਭਰ ਗਏ ਹਾਂ।

## ਰੱਬ ਦੇ ਘਰ ਦੀਆਂ ਗੱਲਾਂ

ਤੂੰ ਹੋਇਆ ਸਾਲ ਪੰਜਾਹਾਂ ਦਾ।
ਬਲ ਘਟਿਆ ਲੱਤਾਂ ਬਾਹਾਂ ਦਾ।

ਨਾ ਆਇਆ ਜੀਵਣ ਜੀਣਾ ਹੈ।
ਨਾ ਆਇਆ ਖਾਣਾ ਪੀਣਾ ਹੈ।

ਰਾਤੀਂ ਸੁੱਤਾ, ਦਿਨੇ ਤੂੰ ਖਾਧਾ ਹੈ।
ਨਾ ਮੰਜ਼ਿਲ ਨਾ ਇਰਾਦਾ ਹੈ।

ਗੱਲਾਂ ਨਾਲ ਤੂੰ ਮਹਿਲ ਉਸਾਰੇਂ।
ਰੱਬ ਦੇ ਘਰ ਦੀਆਂ ਗੱਲਾਂ ਮਾਰੇਂ।

ਅਮਲ ਤੂੰ ਭੋਰਾ ਕੀਤਾ ਨਹੀਂ।
ਅੰਮ੍ਰਿਤ ਤਾਂਹੀਂ ਪੀਤਾ ਨਹੀਂ।

ਜੇ ਕੁਝ ਛੱਡੇਂ ਕਰੇਂ ਤਿਆਗ।
ਆਲਮ ਤਾਹੀਂ ਜਾਗੂ ਭਾਗ।

## ਮਿਲਦਾ ਅੱਖ ਦੇ ਫੋਰ

ਜੇਕਰ ਦੁਨੀਆਂ ਰਬ ਬਣਾਈ।
ਇਕੋ ਜੇਹੀ ਸਭ ਲੁਕਾਈ।
ਇਕ ਦੂਜੇ ਤੋਂ ਕਾਹਤੋਂ ਡਰੀਏ।
ਤੂੰ ਤੂੰ ਮੈਂ ਮੈਂ ਕਾਹਤੋਂ ਕਰੀਏ।
ਨਾ ਤੂੰ ਬਾਗ ਹੈਂ ਨਾ ਤੂੰ ਮਾਲੀ।
ਨਾ ਤੂੰ ਫੁੱਲ ਹੈਂ ਨਾ ਤੂੰ ਡਾਲੀ।
ਮਿੱਟੀ ਦਾ ਤੂੰ ਕਿਣਕਾ ਆਲਮ।
ਆਪਣੇ ਆਪ ਨੂੰ ਆਖੇਂ ਸਾਲਮ।
ਜੀਵਨ ਤੇਰਾ ਕੱਚਾ ਕੱਚਾ।
ਮਰਨ ਤੋਂ ਮਗਰੋਂ ਸਭ ਕੁਝ ਸੱਚਾ।
ਮੇਰਾ ਤੇਰਾ ਦਿਲੋਂ ਭੁੱਲਾਵੇ।
ਫੇਰ ਹੀ ਤੈਨੂੰ ਮਰਨਾ ਆਵੇ।
ਗੱਲਾਂ ਦੇ ਨਾਲ ਸਾਧ ਹੈਂ ਬਣਦਾ।
ਦਿਨੇ ਰਾਤ ਹੈਂ ਤਾਣੇ ਤਣਦਾ।
ਜਿੰਨਾਂ ਕਰਦਾ ਜ਼ੋਰੋ ਜ਼ੋਰ।
ਹੁੰਦਾ ਜਾਵੇਂ ਹੋਰੋ ਹੋਰ।
ਜ਼ੋਰ ਨਾ ਤਕੀਏ ਜ਼ੋਰ ਨਾ ਕਹੀਏ।
ਜ਼ੋਰ ਨਾ ਉਠੀਏ ਜ਼ੋਰ ਨਾ ਬਹੀਏ।
ਜ਼ੋਰ ਨਾ ਕਰੀਏ ਜ਼ੋਰ ਨਾ ਸਹੀਏ।
ਜ਼ੋਰ ਨਾ ਦਈਏ ਜ਼ੋਰ ਨਾ ਲਈਏ।
ਜ਼ੋਰ ਨਾ ਮਰਨਾ ਜ਼ੋਰ ਨਾ ਜੀਣਾ।
ਜ਼ੋਰ ਨਾ ਕੋਈ ਵੀ ਖਾਣਾ ਪੀਣਾ।

ਜ਼ੋਰ ਨਾ ਉੱਚਾ ਜ਼ੋਰ ਨਾ ਨੀਵਾਂ।
ਜ਼ੋਰ ਨਾ ਹੋਵੇ ਤਨ ਮਨ ਥੀਵਾਂ।
ਜੋ ਵੀ ਆਪਣਾ ਜ਼ੋਰ ਚਲਾਵੇ।
ਆਪਣੇ ਮੂੰਹ ਦੀ ਆਪੇ ਖਾਵੇ।
ਰੱਬ ਦੇ ਅੱਗੇ ਕੋਈ ਨਾ ਜ਼ੋਰ।
ਭਾਵੇਂ ਪਾਵੇ ਕਿੰਨਾ ਸ਼ੋਰ।
ਆਪੇ ਦੂਰ ਆਪ ਹੀ ਨੇੜਾ।
ਆਪ ਚਲਾਵੇ ਆਪਣਾ ਬੇੜਾ।
ਆਪੇ ਚੱਪੂ ਆਪ ਹੀ ਮਾਂਝੀ।
ਛੱਡੀਏ ਜ਼ੋਰ ਤਾਂ ਪੈਜੇ ਸਾਂਝੀ।
ਆਲਮ ਬਾਝੋਂ ਨਾ ਕੋਈ ਹੋਰ।
ਮਿਲਦਾ ਆਕੇ ਅੱਖ ਦੇ ਫੋਰ।

# ਰੱਬ ਦਾ ਕੰਮ ਨਿਰਾਲਾ ਹੈ

ਚੇਹਰੇ ਨਾਲ ਨਾ ਚੇਹਰਾ ਮਿਲਦਾ, ਰੱਬ ਦਾ ਕੰਮ ਨਿਰਾਲਾ ਹੈ।
ਕੋਈ ਗੋਰਾ, ਕੋਈ ਸਾਂਵਲ਼ਾ, ਕੋਈ ਚਿੱਟਾ, ਕੋਈ ਕਾਲਾ ਹੈ।

ਪੈਸੇ ਦੇ ਵਿਚ ਪੈਸਾ ਗੁੰਮੇ, ਕਦੇ ਵੀ ਗੁੰਮਿਆ ਲਭਦਾ ਨਹੀਂ।
ਪਾਣੀ ਦੇ ਵਿੱਚ ਪਾਣੀ ਰਲਜੇ, ਪਤਾ ਜ਼ਰਾ ਵੀ ਲਗਦਾ ਨਹੀਂ।
ਬੰਦਿਆਂ ਵਿੱਚ ਨਾ ਬੰਦਾ ਗੁੰਮੇ ਕਿੰਨਾਂ ਕੰਮ ਕਮਾਲਾ ਹੈ।

## ਮਨ

ਮਨ ਜੇਡਾ ਕੋਈ ਮੁਸਾਫ਼ਰ ਨਹੀਂ।
ਮਨ ਜੇਡਾ ਕੋਈ ਮੁਸਵਰ ਨਹੀਂ।

ਮਨ ਜੇਹਾ ਕੋਈ ਤਖਈਅਲ ਨਹੀਂ।
ਮਨ ਜੇਹਾ ਕੋਈ ਤਸੱਵਰ ਨਹੀਂ।

ਇਸ ਜੇਹਾ ਕੋਈ ਬੰਜਰ ਨਹੀਂ।
ਇਸ ਜੇਹਾ ਕੋਈ ਸਰਵਰ ਨਹੀਂ।

ਇਸ ਜੇਹਾ ਕੋਈ ਅੰਬਰ ਨਹੀਂ।
ਇਸ ਜੇਹਾ ਕੋਈ ਸਾਗਰ ਨਹੀਂ।

## ਯਾਦ ਮੈਨੂੰ ਆਂਦਾ ਜਾਹ

ਨਾ ਯਾਦ ਤੈਨੂੰ ਕਰ ਸਕਾਂ, ਤੂੰ ਯਾਦ ਮੈਨੂੰ ਆਂਦਾ ਜਾਹ।
ਵਿਸਾਰ ਕੇ ਅਵਗਣ ਮੇਰੇ ਮਿਹਰ ਝੋਲੀ ਪਾਂਦਾ ਜਾਹ।

ਅਨਹਦ ਮਿੱਠਾ ਨਾਦ ਮੈਨੂੰ ਹਰ ਪਲ ਸੁਣਾਂਦਾ ਜਾਹ
ਰੋਮ ਰੋਮ 'ਚੋਂ ਮੇਰੇ ਹਉਮੈ ਨੂੰ ਮਿਟਾਂਦਾ ਜਾਹ।
ਰੋਮ ਰੋਮ ਮੇਰੇ ਬਿਜਲੀਆਂ ਲਿਸ਼ਕਾਦਾ ਜਾਹ।
ਨਾ ਯਾਦ ਤੈਨੂੰ ਕਰ ਸਕਾਂ....................

ਰੋਮ ਰੋਮ ਜਗਾ ਦੇਹ ਦੀਪ ਤੂੰ ਅਣਗਿਣੇ।
ਮੇਰੇ ਸਾਹਾਂ ਨੂੰ ਪਿਲਾਦੇ ਜਾਮ ਤੂੰ ਅਣਮਿਣੇ।
ਡਿਗਦਿਆਂ ਨੂੰ ਸਾਂਭ ਆਪੇ ਆਪਣਾ ਮੈਨੂੰ ਬਣਾਂਦਾ ਜਾਹ।
ਨਾ ਯਾਦ ਤੈਨੂੰ ਕਰ ਸਕਾਂ....................

ਤੇਰੇ ਪਿਆਰਿਆਂ ਦੇ ਰਾਹਾਂ ਦੀ ਧੂੜੀ ਮੈਂ ਬਣਾਂ।
ਜੇ ਤੂੰ ਕਰੇਂ ਕਿਰਪਾ ਤਾਂ ਸੱਚ ਦੀ ਪਉੜੀ ਚੜ੍ਹਾਂ।
ਬਿਰਹਾ 'ਚ ਵਸਲ ਦੇ ਗੀਤ ਗਾਉਣੇ ਸਿਖਾਂਦਾ ਜਾਹ।
ਨਾ ਯਾਦ ਤੈਨੂੰ ਕਰ ਸਕਾਂ....................

ਜੀਉਂਦਾ ਹਾਂ ਤਾਂਹੀਂ, ਜੇ ਤੂੰ ਆਪਣਾ ਬਣਾ ਲਵੇਂ।
ਮਰਿਆ ਹਾਂ ਮੁੱਕਿਆਂ ਹਾਂ ਜੇ ਇਕ ਪਲ ਵੀ ਭੁਲਾ ਦਵੇਂ।
ਆਲਮ ਬਣਾਕੇ ਆਪਣਾ, ਗਲ ਨਾਲ ਲਾਂਦਾ ਜਾਹ।
ਨਾ ਯਾਦ ਤੈਨੂੰ ਕਰ ਸਕਾਂ....................

## ਵਧਾਈਆਂ

ਵਧਾਈਆਂ, ਵਧਾਈਆਂ, ਵਧਾਈਆਂ।,
ਨਿੱਤ ਨਿੱਤ ਹੋਣ ਸਵਾਈਆਂ।

ਸਫਲ ਹੈ ਤੇਰਾ ਜੰਮਣਾ।
ਸਵਾਸ ਸਵਾਸ ਜੇ ਜਪਣਾ।
ਛੱਡ ਦੇਹ ਗਈਆਂ ਆਈਆਂ।

ਤੂੰ ਇਕੋ ਇਕ ਧਿਆ ਲੈ।
ਸਿਰ ਦੀ ਭੇਟ ਚੜ੍ਹਾ ਲੈ।
ਪਲ ਪਲ ਹੋਣ ਚੜ੍ਹਾਈਆਂ।

ਸੰਤਾਂ ਕੋਲੋਂ ਸਿਖ ਲੈ।
ਦਿਲ ਉੱਤੇ ਤੂੰ ਲਿਖ ਲੈ।
ਉਹਨਾਂ ਸੱਚ ਸਣਾਈਆਂ।

ਸਵਾਸ ਸਵਾਸ ਜੋ ਸਿਮਰੇ।
ਰੱਬ ਦੇ ਦਰ 'ਤੇ ਉਬਰੇ।
ਕਰਕੇ ਆਪ ਕਮਾਈਆਂ।

ਜੋ ਇਕੋ ਇਕ ਧਿਆਵੇ।
ਉਹਨੂੰ ਆਲਮ ਸੀਸ ਝੁਕਾਵੇ।
ਜਿਨ੍ਹਾਂ ਤੋੜ ਨਿਭਾਈਆਂ।

## ਮੇਹਰ ਕਰੋ

ਮੇਹਰ ਕਰੋ ਮੇਹਰ ਕਰੋ।
ਬਾਬਾ ਜੀ ਮੇਹਰ ਕਰੋ।

ਤੇਰਾ ਜਸ ਗਾਨ ਹੋਵੇ।
ਤੇਰਾ ਹੀ ਧਿਆਨ ਹੋਵੇ।
ਦਿਨ ਹੋਵੇ ਰਾਤ ਹੋਵੇ।
ਸੁਹਣੀ ਪ੍ਰਭਾਤ ਹੋਵੇ।
ਜਾਗਣ ਹੋਵੇ ਸੌਣ ਹੋਵੇ।
ਇਕੋ ਨਾਮ ਦਾਨ ਹੋਵੇ।
ਤੇਰਾ ਜਸ ਗਾਨ ਹੋਵੇ।
ਮੇਹਰ ਕਰੋ ਮੇਹਰ ਕਰੋ.....

ਨਾ ਕੋਈ ਰੰਗ ਹੋਵੇ।
ਨਾ ਹੀ ਉਮੰਗ ਹੋਵੇ।
ਨਾ ਕੋ ਜ਼ਮੀਨ ਹੋਵੇ।
ਨਾ ਕੋ ਵਛੀਣ ਹੋਵੇ।
ਨਾ ਹੀ ਅਸਮਾਨ ਹੋਵੇ।
ਨਾ ਕੋ ਗਿਆਨ ਹੋਵੇ।
ਨਾ ਕੋ ਖਾਣ ਪਾਣ ਹੋਵੇ।
ਤੇਰਾ ਜਸ ਗਾਨ ਹੋਵੇ।
ਮੇਹਰ ਕਰੋ ਮੇਹਰ ਕਰੋ....

ਰੋਮ ਰੋਮ ਨੂਰ ਹੋਵੇ।
ਸਰੂਰ ਹੀ ਸਰੂਰ ਹੋਵੇ।
ਖ਼ੁਮਾਰ ਹੀ ਖ਼ੁਮਾਰ ਹੋਵੇ।
ਤੇਰਾ ਹੀ ਪਿਆਰ ਹੋਵੇ।
ਤੇਰਾ ਹੀ ਸਰੂਪ ਹੋਵੇ।
ਨਿਰਾਕਾਰ ਰੂਪ ਹੋਵੇ।
ਆਵਣ ਨਾ ਜਾਣ ਹੋਵੇ।
ਤੇਰਾ ਜਸ ਗਾਨ ਹੋਵੇ।
ਮੇਹਰ ਕਰੋ ਮੇਹਰ ਕਰੋ....

ਤੇਰਾ ਹਰ ਸਾਹ ਹੋਵੇ।
ਆਨੰਦ ਅਥਾਹ ਹੋਵੇ।
ਵਾਹ ਵਾਹ ਵਾਹ ਹੋਵੇ।
ਵਾਹ ਵਾਹ ਵਾਹ ਹੋਵੇ।
ਤੂੰਹੀਂ ਤੂੰ ਤੂੰ ਹੋਵੇ।
ਤੂੰਹੀਂ ਤੂੰ ਤੂੰ ਹੋਵੇ।
ਆਨ ਨਾ ਕੋ ਸ਼ਾਨ ਹੋਵੇ।
ਤੇਰਾ ਜਸ ਗਾਨ ਹੋਵੇ।
ਮੇਹਰ ਕਰੋ ਮੇਹਰ ਕਰੋ...

ਸੁਣਦਾ ਵੀ ਤੂੰ ਹੋਵੇਂ।
ਬੋਲਦਾ ਵੀ ਤੂੰ ਹੋਵੇਂ।
ਦਿਖਦਾ ਵੀ ਤੂੰ ਹੋਵੇਂ।
ਦੇਖਦਾ ਵੀ ਤੂੰ ਹੋਵੇ।
ਆਲਮ ਵੀ ਤੂੰ ਹੋਵੇਂ।
ਬਾਲਮ ਵੀ ਤੂੰ ਹੋਵੇਂ।

ਆਦਿ ਅੰਤ ਤੂੰ ਹੋਵੇਂ।
ਇਕ ਅਨੰਤ ਤੂੰ ਹੋਵੇਂ।
ਇਕੋ ਜਿੰਦ ਜਾਨ ਹੋਵੇ।
ਤੇਰਾ ਜਸ ਗਾਨ ਹੋਵੇ।
ਮੇਹਰ ਕਰੋ ਮੇਹਰ ਕਰੋ...

## ਆਪਣੇ ਬਣਾ ਲਉ ਬਾਬਾ ਜੀ

ਚੰਗੇ ਵੀ ਤੇਰੇ ਮੰਦੇ ਵੀ ਤੇਰੇ, ਆਪਣੇ ਬਣਾ ਲਉ ਬਾਬਾ ਜੀ।
ਅਸੀਂ ਪਾਪੀ ਬਹੁਤ ਵਡੇਰੇ, ਆਪਣੇ ਬਣਾ ਲਉ ਬਾਬਾ ਜੀ।

ਆਪਣੇ ਬਣਾ ਲਉ ਬਾਬਾ ਜੀ, ਆਪਣੇ ਬਣਾ ਲਉ ਬਾਬਾ ਜੀ।
ਗਲ ਨਾਲ ਲਾ ਲਉ ਬਾਬਾ ਜੀ, ਗਲ ਨਾਲ ਲਾ ਲਉ ਬਾਬਾ ਜੀ।
ਤੈਥੋਂ ਵਿਛੜੇ ਦੁੱਖਾਂ ਨੇ ਘੇਰੇ, ਆਪਣੇ ਬਣਾ ਲਉ ਬਾਬਾ ਜੀ।

ਤੇਰੇ ਵੱਸ ਜੀਣਾ, ਤੇਰੇ ਵੱਸ ਮਰਨਾ, ਤੇਰੇ ਹੱਥ ਡੋਰ ਬਾਬਾ ਜੀ।
ਤੇਰੇ ਕੋਲ ਕਹਿਣਾ, ਤੇਰੇ ਕੋਲ ਰਹਿਣਾ ਸਾਡਾ ਨਾ ਕੋ ਹੋਰ ਬਾਬਾ ਜੀ।
ਸਾਡੇ ਮੇਟ ਕੇ ਦਿਲਾਂ ਦੇ ਨ੍ਹੇਰੇ ਆਪਣੇ ਬਣਾ ਲਉ ਬਾਬਾ ਜੀ।

ਜਨਮਾਂ ਦੇ ਵਿਛੜੇ ਅਸੀਂ, ਏਹ ਜਨਮ ਤਾਂ ਰੱਖੋ ਬਾਬਾ ਜੀ।
ਨਾ ਦੇਖੋ ਔਗੁਣ ਅਸਾਡੇ ਏਵੇਂ ਜਿਵੇਂ ਬਖਸ਼ੋ ਬਾਬਾ ਜੀ।
ਦਿਲ ਤੜਪੇ ਤੇ ਹੰਝੂ ਵੀ ਕੇਰੇ ਆਪਣੇ ਬਣਾ ਲਉ ਬਾਬਾ ਜੀ।

ਮਿਹਰ ਕਰੋ ਆਲਮ 'ਤੇ ਐਸੀ, ਸਾਹਾਂ 'ਚ ਪਿਆਰ ਬੀਜ ਦੋ।
ਰੋਮ ਰੋਮ ਵਿਚ ਬੀਜੋ ਬਿਰਹਾ ਦਿਲ 'ਚ ਖੁਮਾਰ ਬੀਜ ਦੋ।
ਸਾਡੇ ਦਿਲ ਵਿਚ ਲਾ ਲਉ ਡੇਰੇ, ਆਪਣੇ ਬਣਾ ਲਉ ਬਾਬਾ ਜੀ।

# ਮੋਤੀ ਰਾਮ ਜੀ ਸ਼ਹੀਦ ਦੇ ਨਾਮ

ਜ਼ੋਰਾਵਰ ਤੇ ਫਤਹਿ ਸਿੰਘ ਦੀ ਕਰਕੇ ਸੇਵ ਸੰਭਾਲ।
ਮੋਤੀ ਰਾਮ ਅਮਰ ਹੋ ਗਏ ਬਣਕੇ ਗੁਰੂ ਦੇ ਲਾਲ।

ਜ਼ਾਲਿਮ ਅਤੇ ਜਨੂੰਨੀ ਸੀਗੀ ਸਮੇਂ ਦੀ ਸਰਕਾਰ।
ਦਿੱਤੇ ਤਸੀਹੇ ਸਭ ਨੂੰ ਉਹਨਾਂ ਭਰੇ ਵਿੱਚ ਦਰਬਾਰ।
ਕੋਹਲੂ ਦੇ ਵਿੱਚ ਪੀੜ ਮੁਕਾਇਆ ਸਾਰਾ ਹੀ ਪ੍ਰਵਾਰ।
ਸਿੱਖੀ ਦੇ ਇਤਿਹਾਸ ਦੇ ਅੰਦਰ ਆਪਣੀ ਇਕ ਮਿਸਾਲ।
ਮੋਤੀ ਰਾਮ ਅਮਰ ਹੋ ਗਏ............................

ਸੰਗਤਾਂ ਦੀ ਉਹ ਸੇਵਾ ਕਰਦੇ ਰੱਬ ਦੇ ਸ਼ੁਕਰਗੁਜ਼ਾਰ।
ਪੂਰਬਲਾ ਸੀ ਨਾਲ ਗੁਰੂ ਦੇ ਸੱਚਾ ਰੂਹਾਨੀ ਪਿਆਰ।
ਸਦਾ ਹੀ ਮੋਤੀ ਰਾਮ ਦੀ ਹੋਊ ਜਗ 'ਤੇ ਜੈ ਜੈ ਕਾਰ।
ਸਿੱਖੀ ਦਾ ਅਮੋਲਕ ਹੀਰਾ ਕਰ ਗਿਆ ਪੂਰਨ ਘਾਲ।
ਮੋਤੀ ਰਾਮ ਅਮਰ ਹੋ ਗਏ............................

ਸੱਚੇ ਗੁਰੂ ਦੇ ਚਰਨਾਂ ਉਤੇ ਆਲਮ ਦੀ ਅਰਦਾਸ।
ਨਾਮ ਦਾਨ ਤੇ ਸਿਮਰਨ ਦੇ ਕੇ ਰੱਖੇ ਆਪਣੇ ਪਾਸ।
ਸਵਾਸ ਸਵਾਸ ਤੇ ਰੋਮ ਰੋਮ ਵਿੱਚ ਰੱਖੇ ਆਪਣਾ ਵਾਸ।
ਗੁਰੂ ਜੀ ਆਪਣੇ ਨਿਕਟੀਆਂ ਦਾ ਸਦਾ ਰਖਣ ਖਿਆਲ।

## ਦੁਨੀਆਂ

ਦੁਨੀਆਂ ਹੈ ਰੇਲ ਗੱਡੀ।
ਕਿਸੇ ਫੜੀ ਕਿਸੇ ਛੱਡੀ।
ਮਿਥਿਆ ਹੈ ਚੱਕਰ ਇਸਦਾ।
ਲੰਮਾ ਹੈ ਸਫ਼ਰ ਇਸਦਾ।
ਲਾਈਨਾਂ ਬਿਨ ਚਲ ਨਾ ਸਕਦੀ।
ਲਾਈਨਾਂ ਉਤੇ ਕਦੇ ਨਾ ਥਕਦੀ।
ਲਾਈਨਾਂ ਤੋਂ ਜਦੋਂ ਵੀ ਲੱਥੇ
ਟੇਡੀ ਹੋਵੇ ਧਰਤੀ ਧੱਸੇ।
ਕਈ ਤਰ੍ਹਾਂ ਦੇ ਡੱਬੇ ਏਸਦੇ।
ਛੋਟੇ ਅਤੇ ਵੱਡੇ ਏਸਦੇ।
ਕਈ ਤਰ੍ਹਾਂ ਦੇ ਰੰਗ ਏਸ ਦੇ।
ਚਲਣ ਦੇ ਕਈ ਢੰਗ ਏਸ ਦੇ।
ਲਾਈਨਾਂ ਉਤੇ ਘੁੰਮਦੀ ਜਾਂਦੀ।
ਸਦੀਆਂ ਤੋਂ ਏਹ ਗੇੜੇ ਖਾਂਦੀ।
ਮੋਹ ਮਮਤਾ ਵਿੱਚ ਫਿਰਦੀ ਭਜੀ।
ਭੱਖੀ ਭੁੱਖੀ ਕਦੇ ਨਾ ਰੱਜੀ।
ਅੰਦਰੋਂ ਖਾਲੀ ਟੱਟੀ ਭੱਜੀ।
ਬਾਹਰੋਂ ਦਿਸੇ ਸੰਵਰੀ ਸੱਜੀ।
ਨਾ ਏਹ ਨੰਗੀ ਨਾ ਏਹ ਕੱਜੀ।
ਰੱਬ ਦੀ ਸਾਜੀ ਆਪ ਉਪਜੀ।
ਉਸਤੋਂ ਜਾਵੇ ਏਹੇ ਤੱਜੀ।
ਜਿਹਦੀ ਸੁਰਤੀ ਰੱਬ 'ਤੇ ਲੱਗੀ।

ਉਸਨੂੰ ਲਗੇ ਸੁਹਣੀ ਸੱਜੀ।
ਉਸ ਲਈ ਬਣੇ ਇਹ ਸੁਚੱਜੀ।
ਜਿਨ੍ਹਾਂ ਕੋਲੇ ਟਿਕਟ ਹੈ ਭਾਈ।
ਉਹਨਾਂ ਨੂੰ ਫਿਜ ਫਿਕਰ ਨਾ ਕਾਈ।
ਬਿਨ੍ਹਾਂ ਟਿਕਟ ਜੋ ਗੱਡੀ ਚੜ੍ਹਦੇ।
ਅੰਦਰੋਂ ਅੰਦਰ ਰਹਿੰਦੇ ਸੜਦੇ।
ਭੈ ਵਿੱਚ ਜੰਮਦੇ ਭੈ ਵਿੱਚ ਮਰਦੇ।
ਫੜੇ ਜਾਣ ਸਜਾਵਾਂ ਭਰਦੇ।
ਜਿਨ੍ਹਾਂ ਨਾਮ ਦੀ ਟਿਕਟ ਕਟਾਈ।
ਉਹ ਨਾ ਕਦੇ ਵੀ ਡਰਦੇ ਭਾਈ।
ਸੁਹਣੇ ਤਨ ਦੀ ਦੁਨੀਆਂ ਅੰਦਰ।
ਲੁਕਿਆ ਬੈਠਾ ਆਪ ਪਤੰਦਰ।
ਪੰਜ ਤੱਤਾਂ ਦਾ ਈਧਨ ਪਾ ਕੇ।
ਅਮੋਲ ਸਾਹਾਂ ਦੀ ਰੇਲ ਬਣਾਕੇ।
ਉਸਨੇ ਕੀਤੀ ਆਪ ਸਵਾਰੀ।
ਲੁੱਕ ਕੇ ਦੇਖੇ ਖੇਡਾ ਸਾਰੀ।
ਬੰਦਾ ਬਣਿਆ ਹੈ ਹੰਕਾਰੀ।
ਅਕਲ ਨੇ ਇਸਦੀ ਮੱਤ ਹੈ ਮਾਰੀ।
ਮਨ ਨੂੰ ਰਖਿਆ ਇਸਨੇ ਅਗਰ।
ਗੁਰੂ ਨੂੰ ਰਖਿਆ ਇਸਨੇ ਮਗਰ।
ਅਰਜ਼ਾਂ ਕਰ ਕਰ ਚੀਜ਼ਾਂ ਮੰਗਦਾ।
ਮੰਗਦਾ ਮੰਗਦਾ ਕਦੇ ਨਾ ਸੰਗਦਾ।
ਮੰਗਦਾ ਮੰਗਦਾ ਹੋਇਆ ਭਿਖਾਰੀ।
ਮਾਇਆ ਇਹਦੀ ਮੱਤ ਹੈ ਮਾਰੀ।
ਅੰਦਰੋਂ ਹੋਰ ਤੇ ਬਾਹਰੋਂ ਹੋਰ।
ਬਾਹਰੋਂ ਸਾਧ ਤੇ ਅੰਦਰੋਂ ਚੋਰ।

ਦੁਨੀਆਂ ਦੇ ਵਿੱਚ ਰੁਲਿਆ ਫਿਰਦਾ।
ਮੌਤ ਨੂੰ ਏਹੇ ਭੁਲਿਆ ਫਿਰਦਾ।
ਮੌਤ ਜੇ ਰੱਖੇ ਸਦਾ ਯਾਦ।
ਹੋ ਜਾਏ ਇਸਦਾ ਦਿਲ ਅਬਾਦ।
ਮੌਤ ਜੇ ਹੋਵੇ ਸਾਹਾਂ ਨਾਲ।
ਫਿਰ ਮੋਹ ਨਹੀਂ ਹੁੰਦਾ ਰਾਹਾਂ ਨਾਲ।
ਜੀਉਂਦੇ ਜੀ ਜੋ ਮਰਨਾ ਜਾਣੇ।
ਮਰ ਮਰ ਕੇ ਜੋ ਆਪ ਪਛਾਣੇ।
ਉਸਨੂੰ ਕੁਝ ਨਾ ਕਹਿੰਦੀ ਰੇਲ।
ਉਸਤੋਂ ਡਰਦੇ ਭੂਤ ਚੜੇਲ।
ਅਸੀਂ ਮੁਸਾਫਰ ਦੁਨੀਆਂ ਗੱਡੀ।
ਜਿਉਂ ਏਹ ਫੜੀ ਫੇਰ ਨਾ ਛੱਡੀ।
ਸਾਰੇ ਘਰ ਨੇ ਇਸਦੇ ਡੱਬੇ।
ਇਉਂ ਜਾਪਦਾ ਮਸਾਂ ਨੇ ਲੱਭੇ
ਧੀਆਂ ਪੁੱਤਰ ਰਿਸ਼ਤੇਦਾਰ।
ਸਵਾਰੀਆਂ ਦੀ ਭਰਮਾਰ।
ਇਕ ਦੂਜੇ ਵਿੱਚ ਵਜਦੇ ਫਿਰਦੇ।
ਇਕ ਦੂਜੇ ਨਾਲ ਲੜਦੇ ਫਿਰਦੇ।
ਇਕ ਦੂਜੇ ਨੂੰ ਘੜਦੇ ਫਿਰਦੇ।
ਇੱਕ ਦੂਜੇ ਤੋਂ ਸੜਦੇ ਫਿਰਦੇ।
ਕਰਦੇ ਫਿਰਦੇ ਮਾਰੋ ਮਾਰ।
ਉਹ ਨੀਵਾਂ ਮੈਂ ਸਰਦਾਰ।
ਮੈਂ ਹਾਂ ਵੱਡਾ ਸੇਵਾਦਾਰ।
ਸੇਵਾ ਪੁੰਨ ਵੀ, ਬਣਿਆ ਭਾਰ।
ਹਉਮੈ ਛੱਡੋਂ ਆਲਮ-ਯਾਰ।
ਗੁਰੂ ਦੀ ਮੱਤ ਦੀ ਕਰੇਂ ਵਿਚਾਰ।

ਹੁਕਮ 'ਚ ਕਰੇਂ ਜੇ ਸਾਰੀ ਕਾਰ।
ਫੇਰ ਜੁੜੂਗੀ ਸਿੱਧੀ ਤਾਰ।

## ਨਾਨਕਸਰ ਭਗਤੀ ਦਾ ਘਰ

ਦਸਦਾ ਜਾਵੇ ਪ੍ਰੇਮਾ ਭਗਤੀ।
ਵੰਡਦਾ ਜਾਵੇ ਅਲੌਕਕ ਸ਼ਕਤੀ।
ਗੁਰੂ ਗ੍ਰੰਥ ਹੈ ਹਾਜ਼ਰ ਹਸਤੀ।
ਜਨਮ ਜਨਮ ਦੇ ਮੇਟੇ ਡਰ।
ਨਾਨਕਸਰ ਭਗਤੀ ਦਾ ਘਰ।

ਕੀਰਤਨ ਕਥਾ ਸਤਿਗੁਰ ਦੀ ਬਾਣੀ।
ਸੁਖਮਨੀ ਹੈ ਸੁਖਾਂ ਦੀ ਰਾਣੀ।
ਸੰਗਤ ਸਾਧ ਦੀ ਨਾਲ ਹੈ ਜਾਣੀ।
ਹਰ ਕੇ ਦੁਖੜੇ ਸੁੱਖਾਂ ਵਿੱਚ ਤਰ।
ਨਾਨਕਸਰ ਭਗਤੀ ਦਾ ਘਰ।

ਇਸਦੀਆਂ ਨੀਹਾਂ ਨੇ ਬੈਰਾਗ ਦੀਆਂ।
ਇਸਦੀਆਂ ਕੰਧਾਂ ਨੇ ਤਿਆਗ ਦੀਆਂ।
ਪ੍ਰੇਮ ਦੇ ਅੰਬਰ ਸੁਰਤਾਂ ਜਾਗਦੀਆਂ।
ਚੰਦ ਸੂਰਜ ਦੋਵੇਂ, ਸੇਵਾ ਰਹੇ ਨੇ ਕਰ।
ਨਾਨਕਸਰ ਭਗਤੀ ਦਾ ਘਰ।

ਸੱਚੇ ਦਿਲ ਨਾਲ ਕੋਈ ਪ੍ਰਨਾਮ ਕਰੇ।
ਮਨ ਤਨ ਸੁੱਕੇ, ਹੁੰਦੇ ਜਾਣ ਹਰੇ।
ਪਾਪ ਪੁੰਨ ਦੋਵਾਂ ਤੋਂ ਹੈ ਪਰੇ।
ਉੱਚਾ ਹੈ ਆਲਮ ਦੇ ਵਿੱਚ ਇਕੋ ਦਰ।
ਨਾਨਕਸਰ ਭਗਤੀ ਦਾ ਘਰ।

*ਭਾਈ ਹਰਵਿੰਦਰ ਸਿੰਘ ਜਗਰਾਉਂ ਵਾਲਿਆਂ ਦੀ ਆਵਾਜ਼ ਵਿੱਚ ਰੀਕਾਰਡ ਹੋ ਚੁਕਿਆ।*

## ਪੂਰਾ ਮਰ ਜਾਵਾਂ

ਪੂਰੀ ਤਰ੍ਹਾਂ ਮਰ ਜਾਣ ਲਈ ਜੀਉਂਦਾ ਰਿਹਾ।
ਸਵਾਸ ਸਵਾਸ ਮੌਤ ਨੂੰ ਹੀ ਧਿਆਉਂਦਾ ਰਿਹਾ।

ਰੱਬ ਕਰੇ ਇਸ ਵਾਰ ਤਾਂ ਪੂਰਾ ਮਰ ਜਾਂਵਾਂ।
ਏਸੇ ਲਈ ਜਨਮ ਜਨਮ ਆਉਂਦਾ ਰਿਹਾ।

# ਮਿੱਟੀ ਦਾ ਕਣ

ਮਿੱਟੀ ਦਾ ਕਣ ਹਾਂ ਮੈਂ ਰੁਲਿਆ ਖੁਲਿਆ।
ਤੇਰੀ ਮਿਹਰ ਸਦਕਾ ਤੈਨੂੰ ਨ ਭੁਲਿਆ।

ਸਾਗਰ ਵੀ ਉਛਲੇ, ਬੱਦਲ ਵੀ ਬਰਸੇ,
ਨ੍ਹੇਰੀ ਵੀ ਚੱਲੀ ਝੱਖੜ ਵੀ ਝੁਲਿਆ।

ਰੋ ਰੋ ਕੇ ਹੈਂ ਬਿਰਹਾ ਨੂੰ ਸਿੰਜਿਆ,
ਅੱਖਾਂ 'ਚੋਂ ਇਕ ਵੀ ਹੰਝੂ ਨਾ ਡੁਲ੍ਹਿਆ।

ਮਿਹਰ ਵਰਸੀ ਜਾ ਸਾਵਣ ਦੇ ਵਾਂਗੂੰ।
ਮੈਲਾ ਏਹ ਮਨ ਦਾ ਸ਼ੀਸ਼ਾ ਵੀ ਧੁਲਿਆ।

ਮਨ 'ਚ ਵਸਦਾ ਜੋ, ਉਸਨੂੰ ਭੁਲਾਕੇ।
ਦਰ ਦਰ ਫਿਰੇ ਤਾਹੀਂ ਤੂੰ ਰੁਲਿਆ।

ਰਹੀ ਖ਼ਬਰ ਨਾ ਆਲਮ ਦੀ ਕੋਈ।
ਮੈਂ ਮੈਂ ਤੂੰ ਤੂੰ ਦਾ ਫਰਕ ਵੀ ਭੁਲਿਆ।

# ਦਿਲ ਦੀ ਪੂਜਾ

ਰੱਬ ਦੀ ਪੂਜਾ ਹੁੰਦੀ ਹੈ ਈਮਾਨ ਨਾਲ।
ਦਿਲ ਦੀ ਪੂਜਾ ਹੁੰਦੀ ਹੈ ਜਾਨ ਨਾਲ।

ਦਿਲ ਦੇ ਕੇ ਜੋ ਦਿਲ ਨਾ ਮੰਗਦੇ,
ਸਦਾ ਉਹੀ ਜੀਂਦੇ ਨੇ ਸ਼ਾਨ ਨਾਲ।

## ਹੁਕਮੀ ਜਾਣਾ ਹੁਕਮੀ ਆਣਾ

ਅਸੀਂ ਪੰਛੀਆਂ ਨੇ ਉੱਡ ਪੁਡ ਜਾਣਾ।
ਉਸਦੇ ਹੁਕਮ ਜਾਣਾ ਉਸਦੇ ਹੁਕਮ ਆਣਾ।

ਅਸੀਂ ਮੁਸਾਫ਼ਿਰ ਹਾਂ, ਸਰਾਵਾਂ ਦੇ ਵਾਸੀ,
ਸਾਡਾ ਬੱਦਲਾਂ ਦੇ ਨਾਲ ਯਾਰਾਨਾ।

ਮਿੱਟੀ ਪਾਣੀ ਹਵਾ ਧੁੱਪ ਲਈ,
ਨਾ ਕੋ ਆਪਣਾ ਨਾ ਹੀ ਬੇਗਾਨਾ।

## ਆਲਮ ਹੈ ਸਰਾਂ

ਸੁਣ ਵੇ ਮੁਸਾਫਿਰਾ।
ਏਹ ਨਾ ਮੁਕਾਮ ਤੇਰਾ।
ਕੀ ਸੀ ਤੇਰੇ ਕੋਲ
ਜੋ ਗੁੰਮ ਗਿਆ।
ਕੀ ਹੈ ਤੈਨੂੰ ਲੋੜ
ਜੋ ਤੂੰ ਲੱਭ ਰਿਹਾ।
ਝੇਲੇਂ ਪੀੜਾ ਦੁੱਖ
ਮਾਲਕ ਬਣ ਬਿਹਾ।
ਉਸੇ ਪਲ ਹੀ ਜਾਵਣਾ,
ਰੱਬ ਨੇ ਜਦੋਂ ਕਿਹਾ।
ਆਦਮੀ ਹੈ ਰੁਖ ਕੇਹਾ
ਪਰਛਾਂਵੇ ਲਭ ਰਿਹਾ।
ਏਹ ਆਲਮ ਹੈ ਸਰਾਂ
ਕੋਈ ਨਾ ਏਥੇ ਰਿਹਾ।

# ਜ਼ਿੰਦਗੀ ਤੇ ਮੌਤ

ਸਭ ਨੇ ਜਾਣਾ ਹੈ ਸਭ ਨੂੰ ਹੀ ਪਤਾ ਹੈ।
ਫੇਰ ਵੀ ਇਸ ਗੱਲ ਤੋਂ ਹਰ ਕੋਈ ਲਾਪਤਾ ਹੈ।

ਜ਼ਿੰਦਗੀ ਤੇ ਮੌਤ ਵਕਤ ਦਾ ਹੀ ਫੇਰ ਹੈ।
ਦੋਵਾਂ ਦਾ ਨਾਮ ਹੀ ਇਕ ਹਾਦਸਾ ਹੈ।

ਮਰਨਾ ਜੰਮਣਾ ਤੇ ਫੇਰ ਹੈ ਮਰਨਾ।
ਆਦਿ ਤੋਂ ਹੀ ਚਲ ਰਿਹਾ ਸਿਲਸਲਾ ਹੈ।

ਤੂੰ ਜੋ ਜਾਣੇ, ਸੱਚ ਜੋ ਤੂੰ ਦੇਖਦਾ,
ਏਹ ਪਸਾਰਾ ਸਭ ਝੂਠ ਦਾ ਹੈ।

ਗੁਰੂ ਕੋਲੋਂ ਸਿੱਖ ਲੈ ਜੇ ਸਿਖਣਾ,
ਗੁਰੂ ਬਿਨਾਂ ਨਾ ਕੋਈ, ਦੂਸਰਾ ਹੈ।

ਤੂਫਾਨ ਸਮਝੇ ਆਪਣੇ ਆਪਨੂੰ ਜੋ,
ਬਸ ਇਕ ਬੁਲ੍ਹਾ ਹੀ ਹਵਾ ਦਾ ਹੈ।

ਸਾਲਮ ਵੀ ਉਹੀ ਹੈ ਆਲਮ ਵੀ ਉਹੀ,
ਗੁਰੂ ਜਿਸ ਵਲ ਦੇਖਦਾ ਹੈ।

# ਤੂੰਹੀਂ ਨਿਰੰਕਾਰ

ਕੱਤਕ ਦੀ ਏਹ ਪੂਰਨਮਾਸ਼ੀ ਪੂਰੇ ਅਵਤਾਰ ਦੀ।
ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ, ਨੂਰੀ ਨਿਰੰਕਾਰ ਦੀ।

ਕੌਡੇ, ਸੱਜਣ, ਭਾਗੋ ਵਰਗੇ, ਪਾਪੀਆਂ ਨੂੰ ਤਾਰਿਆ।
ਮੇਹਰਾਂ ਦੀ ਵਰਖਾ ਕੀਤੀ ਔਗਣ ਨਾ ਚਿਤਾਰਿਆ।
ਪਾਪਾਂ ਨਾਲ ਲੱਦੀ ਧਰਤੀ; ਰੱਬ ਨੂੰ ਪੁਕਾਰਦੀ।

ਬਾਬਰਾਂ ਤੇ ਜਾਬਰਾਂ ਦਾ ਮਨ ਕਿਵੇਂ ਮੋੜਿਆ।
ਬਲੀਆਂ ਤੇ ਛਲੀਆਂ ਦਾ ਹੰਕਾਰ ਜਾਕੇ ਤੋੜਿਆ।
ਜੋਤ ਬਾਲੀ ਨ੍ਹੇਰਿਆਂ 'ਚ ਨਿਮਰਤਾ ਤੇ ਪਿਆਰ ਦੀ।

ਗੁਰੂ ਜੀ ਨੇ ਜਦੋਂ ਵੀ ਰੱਬ ਨੂੰ ਪੁਕਾਰਿਆ।
ਮਰਦਾਨੇ ਦੀ ਰਬਾਬ ਨੇ, ਉਸਨੂੰ ਸ਼ਿੰਗਾਰਿਆ।
ਗੁਰੂ ਜੀ ਨੇ ਤੇਗ ਵਾਹੀ ਸੱਚ ਤੇ ਵਿਚਾਰ ਦੀ।

ਮੋਦੀ ਖਾਨਾ ਪਤਾ ਦੱਸੇ ਤੇਰਾ ਤੇਰਾ ਤੋਲਾਦਾ।
ਕੌੜਾ ਰੀਠਾ ਅਜੇ ਤੱਕ ਮਿੱਠਾ ਮਿੱਠਾ ਬੋਲਦਾ।
ਸਾਰਾ ਆਲਮ ਗਾਈ ਜਾਵੇ ਮਹਿਮਾ ਕਰਤਾਰ ਦੀ।

# ਮਾਘ ਦੀ ਸੰਗਰਾਂਦ

ਧਰਤੀ ਮੁਕਤਸਰ ਦੀ, ਜਿੱਥੇ ਲਗਣ ਸ਼ਹੀਦੀ ਮੇਲੇ।
ਦਸਮ ਪਿਤਾ ਤੋਂ ਵਿਛੜੇ ਸਿੰਘਾਂ ਕੀਤੇ ਆਕੇ ਮੇਲੇ।

ਸਿੰਘਣੀਆਂ ਦੇ ਮਨਾਂ ਅੰਦਰ ਫੁਟਿਆ ਓਦੋਂ ਸੀ ਲਾਵਾ।
ਪੰਜਾਹ ਸਿੰਘ ਜਦ ਗੁਰੂ ਜੀ ਨੂੰ, ਦੇ ਗਏ ਸੀ ਬੇਦਾਵਾ।
ਸਿੰਘਣੀਆਂ ਫਿਟਕਾਰਾਂ ਪਾਈਆਂ ਮਾਰੇ ਗਿਆਨ ਗੁਲੇਲੇ।

ਹੱਥਾਂ ਦੇ ਵਿੱਚ ਵੰਗਾਂ ਪਾਉ ਸਿਰ 'ਤੇ ਲੈ ਲਉ ਚੂਨੀਆਂ।
ਅਸੀਂ ਜਾਣਾਂ ਮੈਦਾਨ-ਏ-ਜੰਗ ਨੂੰ, ਤੁਸੀਂ ਪਕਾਉ ਮੰਨੀਆਂ।
ਸਾਡਾ ਤੁਹਾਡਾ ਰਿਸ਼ਤਾ ਮੁਕਿਆ, ਜਾਉ ਜੰਗਲ ਬੇਲੇ।

ਸਿੰਘਾਂ ਦੇ ਸਲ੍ਹ ਸੀਨੇ ਲਗੇ, ਫਿਰ ਬੰਨ੍ਹੇ ਸ਼ਹੀਦੀ ਗਾਨੇ।
ਤੁਰ ਗਏ ਸਾਰੇ ਗੁਰੂ ਵਲ ਨੂੰ ਸੁਣ ਕੇ ਮੇਹਣੇ ਤ੍ਹਾਨੇ।
ਗੁਰ ਕਿਰਪਾ ਨਾਲ ਜੰਗ ਦੇ ਅੰਦਰ ਪਾਏ ਦੁਸ਼ਮਣ ਠੇਲੇ।

ਮਹਾਂ ਸਿੰਘ ਜੀ ਹੱਥ ਜੋੜ ਕੇ ਗੁਰੂ ਨੂੰ ਅਰਜ਼ ਗੁਜ਼ਾਰੀ।
ਪਾੜੋ ਬੇਦਾਵਾ ਗੁਰੂ ਜੀ ਸਾਡਾ ਬਖਸ਼ੋ ਭੁਲ ਹਮਾਰੀ।
ਸਤਿਗੁਰ ਨੇ ਪਾੜ ਬੇਦਾਵਾ ਮੇਟੇ ਸਭ ਝਮੇਲੇ।

ਪਾ ਗਏ ਸਾਰੇ ਸਿੰਘ ਸ਼ਹੀਦੀ, ਮਹਾਂ ਸਿੰਘ ਪਿਆ ਸਹਿਕੇ।
ਗੁਰੂ ਜੀ ਆਏ ਸਿੰਘ ਦੇ ਕੋਲੇ ਸੁਣਕੇ ਠੰਡੇ ਹਉਕੇ।
ਮੰਗ ਲੈ ਜੋ ਵੀ ਮੰਗਣਾ ਮਹਾਂ ਸਿੰਘ, ਸਤਿਗੁਰ ਤੁਠ ਕੇ ਬੋਲੇ।

ਮਹਾਂ ਸਿੰਘ ਕਿਹਾ ਗੁਰੂ ਜੀ, ਚੰਗੇ ਮੰਦੇ ਹਾਂ ਤੇਰੇ।
ਆਲਮ ਦੀ ਮਾਇਆ ਸਾਨੂੰ ਪਾ ਲਏ ਸੀ ਘੇਰੇ।
ਚਰਨਾਂ ਦੀ ਪ੍ਰੀਤੀ ਬਖਸ਼ੋ ਰਹਿ ਨਾਹੀ ਹੋਣਾ ਅਕੇਲੇ।

## ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ

ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ, ਖਾਲਸਾ ਪੰਥ ਬਣਾਇਆ।
ਖਾਲਸਾ ਮੇਰਾ ਰੂਪ ਹੈ ਸਿੰਘੋ ਏਹੋ ਸੀ ਫੁਰਮਾਇਆ।

ਕਈ ਜਨਮਾਂ ਦਾ ਜਪ ਤਪ ਪਾਕੇ ਗੁਰੂ ਨਾਨਕ ਨੀਂਹ ਬਣਾਈ।
ਦਇਆ ਨਿਮਰਤਾ ਪ੍ਰੇਮਾ ਭਗਤੀ, ਇਸ ਵਿੱਚ ਕੁੱਟ ਕੁੱਟ ਪਾਈ।
ਸੰਤ ਸਿਪਾਹੀ ਪਰਉਪਕਾਰੀ ਜ਼ੁਲਮ ਮੇਟਣ ਲਈ ਆਇਆ।
ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ...........................

ਧੜਾਂ ਦੇ ਸਾਰੇ ਥੰਮ ਬਣਾਕੇ, ਸਿਰ ਇੱਟਾਂ ਦੀ ਥਾਂ ਲਾਏ।
ਵਿੱਚ ਵਿੱਚ ਲਾਏ ਦਿਲਾਂ ਦੇ ਪੱਥਰ ਵਿੱਚ ਵਿੱਚ ਨੈਣ ਜੜਾਏ।
ਚਰਬੀ ਸੀਮਿੰਟ, ਹੱਡੀਆਂ ਰੇਤਾ, ਪਾਣੀ ਥਾਂ ਲਹੂ ਪਾਇਆ।
ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ...........................

ਜ਼ੁਲਮ ਕਰੇ ਕੋਈ ਵੀ ਚਾਹੇ, ਉਸਨੂੰ ਮਾਰ ਮਕਾਉਣਾ।
ਪਿਆਰ ਨਿਮਰਤਾ ਨਾਲ ਹੀ ਪਹਿਲਾਂ ਉਸਨੂੰ ਹੈ ਸਮਝਾਉਣਾ।
ਗੁਰੂ ਦੀ ਜੋ ਵੀ ਸ਼ਰਨ ਆ ਗਿਆ ਉਸਨੂੰ ਸੀਨੇ ਲਾਇਆ।
ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ...........................

ਗੁਰੂ ਗ੍ਰੰਥ ਨੂੰ ਗੱਦੀ ਦਿੱਤੀ, ਏਹ ਹੈ ਸੱਚੀ ਸਾਖੀ।
ਜੋ ਵੀ ਖੋਜੂ ਸੋਈ ਪਾਊ ਏਹ ਗੱਲ ਗੁਰਾਂ ਨੇ ਆਖੀ।
ਭਰਮ ਪੇਖ ਤੋਂ ਨਿਆਰੀ ਸਿੱਖੀ, ਆਲਮ ਨੂੰ ਸਮਝਾਇਆ।
ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ...........................

# ਵੰਡਦਾ ਜਾਏ ਪਿਆਰ

ਸਿੱਖੀ ਦਾ ਏਹ ਫੁੱਲ ਨਿਰਾਲਾ, ਮਹਿਕੇ ਵਿੱਚ ਸੰਸਾਰ।
ਜਾਤ ਪਾਤ ਤੋਂ ਉੱਚਾ ਉਠ ਕੇ, ਵੰਡਦਾ ਜਾਏ ਪਿਆਰ।

ਗੁਰੂ ਗ੍ਰੰਥ ਹੈ ਗੁਰੂ ਅਸਾਡਾ, ਇਸਦਾ ਆਦਰ ਕਰੀਏ।
ਬਾਣੀ ਪੜ੍ਹੀਏ ਬਾਣੀ ਸੁਣੀਏ, ਵਿਚਾਰ ਦਾ ਸਾਗਰ ਤਰੀਏ।
ਮਨ ਦੀਆਂ ਖਾਹਸ਼ਾਂ ਕੀਲਣ ਵਾਲੇ, ਲੱਭੀਏ ਰਤਨ ਜਵਾਹਰ।
ਸਿੱਖੀ ਦਾ ਫੁੱਲ ਨਿਰਾਲਾ....................................

ਸਾਂਝਾ ਅੰਬਰ ਸਾਂਝੀ ਧਰਤੀ ਆਪਣੀ ਹੈ ਲੁਕਾਈ।
ਇਕ ਰੱਬ ਹੈ ਸਭ ਦਾ ਸਾਂਝਾ, ਰੂਪ ਨੇ ਵਖਰੇ ਭਾਈ।
ਆਪੇ ਅੱਲ੍ਹਾ ਰਾਮ ਵਾਹਿਗੁਰੂ, ਈਸਾ ਤੇ ਕਰਤਾਰ।
ਸਿੱਖੀ ਦਾ ਫੁੱਲ ਨਿਰਾਲਾ....................................

ਹਰ ਬੋਲੀ ਹਰ ਭਾਸ਼ਾ ਨੂੰ, ਹੱਸ ਕੇ ਸੀਨੇ ਲਾਈਏ।
ਗੁਰੂ ਸੁਨੇਹਾ ਗੁਰੂ ਪਿਆਰ ਨੂੰ, ਘਰ ਘਰ ਅਸੀਂ ਪਹੁੰਚਾਈਏ।
ਲਗਨ ਦੇ ਸੁੱਚੇ ਬਾਲ ਕੇ ਦੀਵੇ, ਰਖੀਏ ਵਿੱਚ ਬਜ਼ਾਰ।
ਸਿੱਖੀ ਦਾ ਫੁੱਲ ਨਿਰਾਲਾ....................................

ਆਪਣਾ ਜਨਮ ਅਮੋਲਕ ਹੀਰਾ ਅਮਲ ਦੀ ਭੱਠੀ ਪਾਈਏ।
ਛੱਡੀਏ ਲੋਭ ਤੇ ਲੜਨਾ ਭਿੜਨਾ, ਪ੍ਰੇਮ ਦੀ ਜੋਤ ਜਗਾਈਏ।
'ਆਲਮ' ਦੇ ਵਿੱਚ ਸਿੱਖੀ ਮਹਿਕੇ, ਕਰੀਏ ਅੱਜ ਇਕਰਾਰ।
ਸਿੱਖੀ ਦਾ ਏਹ ਫੁੱਲ ਨਿਰਾਲਾ, ਮਹਿਕੇ ਵਿੱਚ ਸੰਸਾਰ।

## ਗੁਰੂ ਖਾਲਸਾ

ਧੰਨ ਧੰਨ ਤੂੰ ਹੈਂ ਗੁਰੂ ਖਾਲਸਾ ਧੰਨ ਤੇਰੀਆਂ ਕੁਰਬਾਨੀਆਂ।
ਦਿਲ ਦੇ ਕਾਗਜ਼ ਸੱਚ ਦੀਆਂ ਕਲਮਾਂ ਖੂਨ ਨਾਲ ਲਿਖੀਆਂ ਕਹਾਣੀਆਂ।

ਸੱਚੀਆਂ ਸੁਣ ਵਿਚਾਰਾਂ ਜਦੋਂ, ਨਾ ਮੰਨੀਆਂ ਸਰਕਾਰਾਂ।
ਪੰਜਵੇਂ ਗੁਰੂ ਸ਼ਹੀਦ ਜਾ ਕੀਤੇ, ਜ਼ੁਲਮ ਦਿਆਂ ਅੰਗਿਆਰਾਂ।
ਸਬਰ ਜਬਰ ਦੀ ਟੱਕਰ ਹੋਈ, ਜਨਮ ਲਿਆ ਹਥਿਹਾਰਾਂ।
ਕਾਲੇ ਜਨੂੰਨੀ ਨ੍ਹੇਰੇ ਅੰਦਰ, ਲਿਸ਼ਕੀਆਂ ਦੋ ਤਲਵਾਰਾਂ।
ਵਾਹ ਵਾਹ ਹਰਗੋਬਿੰਦ ਜੀ ਮੀਰੀ ਪੀਰੀ ਦੋ ਬਾਨੀਆਂ।
ਧੰਨ ਧੰਨ ਤੂੰ ਹੈ ਗੁਰ ਖਾਲਸਾ...........................

ਦਿਆਲਾ ਜੀ ਦੇਗ ਉਬਾਲੇ, ਤੇਗ ਬਹਾਦਰ ਸਾਹਵੇਂ।
ਸਤੀ ਦਾਸ ਜਾ ਅੱਗ ਵਿੱਚ ਸਾੜੇ, ਹਿੰਦ ਦੀ ਚਾਦਰ ਸਾਹਵੇਂ।
ਮਤੀ ਦਾਸ ਤੇ ਆਰਾ ਚਲਿਆ ਗੀਤ ਗੁਰੂ ਦੇ ਗਾਵੇਂ।
ਤੇਗ ਬਹਾਦਰ ਹਿੰਦ ਦੀ ਚਾਦਰ, ਅਡੋਲ ਰਹੇ ਇਕ ਥਾਂਵੇਂ।
ਅਮਰ ਕਹਾਣੀਆਂ ਸਤਿਗੁਰੂ ਦੀਆਂ, ਸਦਾ ਹੀ ਗਾਈਆਂ ਜਾਣੀਆਂ।
ਧੰਨ ਧੰਨ ਤੂੰ ਹੈ ਗੁਰ ਖਾਲਸਾ...........................

ਦਸਮ ਪਿਤਾ ਗੁਰੂ ਗੋਬਿੰਦ ਸਿੰਘ ਨੇ, ਅੰਮ੍ਰਿਤਪਾਨ ਕਰਾਇਆ।
ਮੁਰਦਾ ਕੌਮ ਨੂੰ ਪਾਹੁਲ ਦੇਕੇ ਗਿਦੜੋਂ ਸ਼ੇਰ ਬਣਾਇਆ।
ਸਾਰਾ ਸਰਬੰਸ ਲੁਟਾ ਕੇ ਗੁਰੂ ਜੀ, ਖਾਲਸਾ ਪੰਥ ਸਜਾਇਆ।
ਗੁਰੂ ਗ੍ਰੰਥ ਨੂੰ ਗੱਦੀ ਦੇਕੇ, ਪ੍ਰਗਟ ਗੁਰੂ ਦਰਸਾਇਆ।
ਆਲਮ ਗਾਊ ਗੀਤ ਸਦਾ ਹੀ, ਧੰਨ ਪੁੱਤਰਾਂ ਦੇ ਦਾਨੀਆਂ।
ਧੰਨ ਧੰਨ ਤੂੰ ਹੈ ਗੁਰ ਖਾਲਸਾ...........................

# ਦਿੱਲੀਏ ਨੀ ਹੰਕਾਰੀਏ

ਦਿੱਲੀਏ ਨੀ ਹੰਕਾਰੀਏ ਤੇਰੀ ਕਦ ਕੁ ਬੁਝੂਗੀ ਪਿਆਸ ਨੀ।
ਤੂੰ ਕਿੰਨਾ ਕੁ ਲਹੂ ਪੀਵਣਾ, ਕਿੰਨਾ ਕੁ ਖਾਣਾ ਮਾਸ ਨੀ।

ਚਰਖੜੀਆਂ 'ਤੇ ਚਾੜ੍ਹੇ ਲੋਕੀਂ, ਅੱਗਾਂ ਦੇ ਵਿੱਚ ਸਾੜੇ ਲੋਕੀਂ।
ਆਪੋ ਵਿਚ ਹੀ ਪਾੜੇ ਲੋਕੀਂ, ਬੇਸ਼ੁਮਾਰ ਉਜਾੜੇ ਲੋਕੀਂ।
ਧਰਮ ਦੇ ਨਾਂ 'ਤੇ ਛੇੜ ਲੜਾਈ, ਧਰਮ ਦਾ ਕੀਤਾ ਨਾਸ ਨੀ।
ਦਿੱਲੀਏ ਨੀ ਹੰਕਾਰੀਈਏ......................

ਸ਼ਰੇਆਮ ਤੂੰ ਵਿਚ ਚੌਰਾਹੇ, ਕਈਆਂ ਦੇ ਤੂੰ ਸਿਰ ਨੇ ਲਾਹੇ।
ਕਈਆਂ ਨੂੰ ਤੂੰ ਦਿੱਤੇ ਫਾਹੇ, ਰੱਬ ਦੇ ਘਰ ਤੂੰ ਕਈ ਨੇ ਢਾਹੇ।
ਜੋ ਕੁਝ ਵੀ ਤੂੰ ਅੱਜ ਤਕ ਕੀਤਾ, ਨਾ ਆਇਆ ਕਿਸੇ ਨੂੰ ਰਾਸ ਨੀ।
ਦਿੱਲੀਏ ਨੀ ਹੰਕਾਰੀਏ......................

ਲੋਭੀ ਲੂੰਬੜ ਪਾਲੇ ਤੇਰੇ, ਕਾਮੀ ਭੁੱਖੇ ਸ਼ੀਹ ਬਥੇਰੇ।
ਭੇਖੀ ਸਾਧੂ ਚੋਰ ਲੁਟੇਰੇ, ਦੇਸ਼ ਪਾਇਆ ਵਿੱਚ ਘੁੰਮਣ ਘੇਰੇ।
ਦੀਨ ਈਮਾਨ ਨਾ ਕੋਈ ਤੇਰਾ, ਕੀ ਰੱਖੀਏ ਤੈਥੋਂ ਆਸ ਨੀ।
ਦਿੱਲੀਏ ਨੀ ਹੰਕਾਰੀਏ......................

ਸਿਆਸੀ ਰਾਖਸ਼ ਗਿਣਤੀ ਭਾਰੀ, ਇਕੋ ਕੁਰਸੀ ਹੈ ਵੀਚਾਰੀ।
ਇਕ ਦੂਜੇ ਤੋਂ ਖੋਹਦੇ ਵਾਰੀ, ਦੇਸ਼ ਰਾਖੇ ਹੋਏ ਵਿਭਚਾਰੀ।
ਜੇਕਰ ਹੋਜੇ ਰੱਬ ਦੀ ਕਿਰਪਾ, ਤੇਰੀ ਮਤ ਹੋਵੇ ਪ੍ਰਕਾਸ਼ ਨੀ।
ਦਿੱਲੀਏ ਨੀ ਹੰਕਾਰੀਏ......................

ਆਲਮ ਇਕੋ ਅਰਜ਼ ਗੁਜ਼ਾਰੇ ਸਭ ਜ਼ਾਤਾਂ ਦੇ ਭਾਈ ਪਿਆਰੇ।
ਰਲ ਕੇ ਚਲੋ ਧਰਮ ਵੀ ਸਾਰੇ, ਰਿਸ਼ੀਆਂ ਦਾ ਏਹ ਦੇਸ਼ ਪੁਕਾਰੇ।
ਆਲਮ ਸਾਰਾ ਨੱਚੇ ਗਾਵੇ, ਨਾ ਰਹੇ ਕੋਈ ਉਦਾਸ ਨੀ।
ਦਿੱਲੀਏ ਨੀ ਹੰਕਾਰੀਏ......................

## ਸਿੱਖੀ

ਨਿਰੰਕਾਰ ਨੇ ਜਾਈ ਸਿੱਖੀ।
ਉਸਨੇ ਆਪ ਬਣਾਈ ਸਿੱਖੀ।
ਗੁਰੂ ਨਾਨਕ ਇਸਦੀ ਨੀਂਹ ਬਣਾਈ।
ਪ੍ਰੇਮਾ ਭਗਤੀ ਇਸ ਵਿੱਚ ਪਾਈ।
ਕਈ ਜਨਮਾਂ ਦੀ ਕਰ ਕਮਾਈ।
ਨਿਮਰਤਾ ਦੀ ਜੋਤ ਜਗਾਈ।
ਭਗਤੀ ਦੇ ਨਾਲ ਸ਼ਕਤੀ ਆਈ।
ਅਨੇਕ ਸਿਰਾਂ ਦੀ ਭੇਟ ਚੜ੍ਹਾਈ।
ਅੰਮ੍ਰਿਤ ਇਸਨੇ ਛਕਿਆ ਭਾਈ।
ਗੁਰੂ ਜੀ ਇਸਦੇ ਵਰਦੀ ਪਾਈ।
ਸ਼ਕਤੀ ਦੀ ਕਿਰਪਾਨ ਸਜਾਈ।
ਸੰਤੋਂ ਹੋਈ ਸੰਤ ਸਿਪਾਹੀ।
ਗੁਰੂ ਨੇ ਆਪਣਾ ਰੂਪ ਬਣਾਈ।
ਤਦ ਏਹ ਹੋਈ ਪੂਰਨ ਭਾਈ।
ਸੱਚ ਸਿਦਕ ਆਚਾਰ ਦੀ ਮੂਰਤ।
ਸੁਹਣੀ ਸਾਦੀ ਰੱਬ ਦੀ ਸੂਰਤ।
ਫੁੱਲਾਂ ਦੀਆਂ ਟਹਿਕਾਂ ਵਰਗੀ।
ਸੂਖਮ ਮੋਹਣੀ ਮਹਿਕਾਂ ਵਰਗੀ।
ਸਾਗਰੋਂ ਡੂੰਘੀ ਅੰਬਰੋਂ ਉੱਚੀ।
ਸਭ ਦੀ ਸਾਂਝੀ ਸਾਦੀ ਸੁੱਚੀ।
ਸਿਰ ਦੇ ਕੇ ਹੈ ਮਿਲਦੀ ਸਿੱਖੀ।
ਸੱਚੇ ਸੁੱਚੇ ਦਿਲ ਦੀ ਸਿੱਖੀ।

ਖੰਡਿਓ ਤਿੱਖੀ ਵਾਲੋਂ ਨਿੱਕੀ।
ਨਿਰੰਕਾਰ ਨੇ ਆਪ ਹੈ ਲਿਖੀ।
ਕਰਦੀ ਸਦਾ ਭਲਾਈ ਸਿੱਖੀ।
ਨਿਰੰਕਾਰ ਨੇ ਜਾਈ ਸਿੱਖੀ।

## ਮਨ ਆਪਣੇ ਨੂੰ ਮੋੜ ਮੋੜ ਕੇ

ਮਨ ਆਪਣੇ ਨੂੰ ਮੋੜ ਮੋੜ ਕੇ ਗੁਰੂ ਚਰਨਾਂ ਵਿਚ ਲਾਈਦਾ।
ਸੰਤਾਂ ਦੀ ਸੰਗਤ ਕਰਕੇ ਭਵਜਲ ਤਰ ਜਾਈਦਾ।

ਜਬ ਤਕ ਨਹੀਂ ਭਾਗ ਸਵਲੇ ਹੁੰਦਾ ਸਤਿਸੰਗ ਨਾ।
ਵਿਸ਼ਿਆਂ ਵਿਕਾਰਾਂ ਵੱਲੋ ਹੁੰਦਾ ਮਨ ਭੰਗ ਨਾ।
ਜੰਮਣ ਤੇ ਮਰਨੇ ਦੇ ਵਿੱਚ ਜੀਵ ਭਰਮਾਈਦਾ।
ਮਨ ਆਪਣੇ ਨੂੰ ਮੋੜ ਮੋੜ ਕੇ.................

ਮਨ ਲਾਕੇ ਜੇ ਸੇਵਾ ਕਰੀਏ ਹੋਵੇ ਕੋਈ ਦੁੱਖ ਨਾ।
ਸੰਤਾਂ ਦਾ ਬਚਨ ਕਮਾਈਏ ਰਹਿੰਦੀ ਕੋਈ ਭੁੱਖ ਨਾ।
ਭੁੱਖਿਆਂ ਗਰੀਬਾਂ ਨੂੰ ਲੰਗਰ ਛਕਾਈਦਾ।
ਮਨ ਆਪਣੇ ਨੂੰ ਮੋੜ ਮੋੜ ਕੇ.................

ਦਿਨੇ ਰਾਤ ਤੂੰ ਮੇਹਨਤ ਕਰਦਾ ਪੈਸੇ ਕਮਾਈ ਜਾਵੇਂ।
ਆਪਣੇ ਹੀ ਸਵਾਦਾਂ ਖਾਤਰ ਜੀਵਾਂ ਨੂੰ ਖਾਈ ਜਾਵੇਂ।
ਜੀਵਨ ਜੇ ਸੁਖੀ ਜੀਣਾ ਥੋੜਾ ਹੀ ਖਾਈਦਾ।
ਮਨ ਆਪਣੇ ਨੂੰ ਮੋੜ ਮੋੜ ਕੇ.................

ਪੈਸਾ ਤੇ ਧੀਆਂ ਪੁੱਤਰ ਤੇਰੇ ਕੰਮ ਆਣਾ ਨਹੀਂ।
ਨੇਕੀ ਤੇ ਨਾਮ ਦੇ ਬਾਝੋਂ ਨਾਲ ਕੁਝ ਜਾਣਾ ਨਹੀਂ।
ਨਿੰਦਿਆਂ ਤੇ ਚੁਗਲੀ ਕੋਲੋਂ ਆਪਾ ਬਚਾਈਦਾ।
ਮਨ ਆਪਣੇ ਨੂੰ ਮੋੜ ਮੋੜ ਕੇ.................

ਸੰਤਾਂ ਦੇ ਚਰਨੀਂ ਲਗ ਕੇ ਡਰ ਭੈ ਕੋਈ ਰਹਿੰਦਾ ਨਹੀਂ।
ਮਨ ਨੂੰ ਹੈ ਮੁਕਤੀ ਮਿਲਦੀ, ਦੁਬਿਧਾ ਵਿੱਚ ਪੈਂਦਾ ਨਹੀਂ।
ਸੰਤਾਂ ਦਾ 'ਮੇਲਾ' ਹੋਇਆ ਹਰ ਜਸ ਹੀ ਗਾਈਦਾ।
ਮਨ ਆਪਣੇ ਨੂੰ ਮੋੜ ਮੋੜ ਕੇ......................

## ਰੂਹਾਨੀ ਗੁਰਦੇਵ ਜੀ ਦੇ ਨਾਮ

ਮੈਨੂੰ ਆਪਣੇ ਦਵਾਰ ਰਖ ਲੈ,
ਦੇ ਕੇ ਆਪਣਾ ਪਿਆਰ ਰਖ ਲੈ।

ਮੈਨੂੰ ਮਿਟਾ ਦੇ ਮੈਂ ਨਾ ਰਹੇ।
ਮਰ ਕੇ ਮਿੱਟੀ ਵੀ ਤੂੰ ਤੂੰ ਕਹੇ।
ਤੇਰਾ ਹੀ ਹਾਂ ਮੈਂ, ਗੁਨਾਹਗਾਰ ਰੱਖ ਲੈ।
ਮੈਨੂੰ ਆਪਣੇ ਦਵਾਰ ਰਖ ਲੈ..............

ਮੇਰੀਆਂ ਸੋਚਾਂ ਧੋ ਕੇ ਪਾਕ ਕਰਦੇ।
ਮੇਰੇ ਸਭ ਪਾਪਾਂ ਨੂੰ ਖ਼ਾਕ ਕਰਦੇ।
ਮੈਂ ਪਾਪੀ ਤੂੰ ਬਖ਼ਸ਼ਣਹਾਰ ਰਖ ਲੈ।
ਮੈਨੂੰ ਆਪਣੇ ਦਵਾਰ ਰਖ ਲੈ..............

ਮੇਰੇ ਉਜੜੇ ਦਿਲ ਨੂੰ ਅਬਾਦ ਕਰਦੇ।
ਅਰਮਾਨ ਮੇਰੇ ਦਿਲਦੇ ਫਰਿਆਦ ਕਰਦੇ।
ਤੇਰੇ ਬਿਨਾ ਮੈਂ ਬੇਕਰਾਰ਼ ਰਖ ਲੈ।

ਹਰ ਪਲ ਹਰ ਘੜੀ ਗੀਤ ਤੇਰੇ ਗਾਂਦਾ ਰਹਾਂ।
ਤੇਰੇ ਨੂਰੀ ਜਲਵੇ ਮੈਂ ਹਰ ਪਲ ਚਾਂਹਦਾ ਰਹਾਂ।
ਆਲਮ ਨੂਰ ਕਰ ਦੇਹ ਏਹ ਪੁਕਾਰ ਰਖ ਲੈ।
ਮੈਨੂੰ ਆਪਣੇ ਦਵਾਰ ਰਖ ਲੈ..............

## ਬਿਜਲੀਆਂ ਲਿਸ਼ਕਾਂਦਾ

ਸੌ ਸੂਰਜਾਂ ਦਾ ਚਾਨਣ ਤੇਰਾ ਦੀਦਾਰ ਹੈ।
ਬਿਜਲੀਆਂ ਲਿਸ਼ਕਾਦਾਂ ਤੇਰਾ ਪਿਆਰ ਹੈ।

ਦੁਨੀਆ ਕਰੇ ਯਾਦ ਤੈਨੂੰ।
ਤੂੰ ਕਰੇਂ ਯਾਦ ਮੈਨੂੰ।
ਬੇਕਾਰ ਬੰਜਰ ਸਹਿਰਾ ਤੇ ਤੇਰਾ ਉਪਕਾਰ ਹੈ।

ਤੇਰਾ ਹਿਜਰ ਪੂਨਮ ਦੀ ਰਾਤ ਹੈ।
ਤੇਰਾ ਵਸਲ ਕਿਆਮਤ ਕਿਆ ਬਾਤ ਹੈ।
ਕਿਆਮਤ ਹੋ ਜਾਏ ਦਿਲ ਦੀ ਪੁਕਾਰ ਹੈ।

ਤੂੰ ਜੇ ਹੋਵੇ ਤਾਂ ਬਹਾਰ ਹੈ।
ਤੇਰੇ ਬਿਨਾ ਕਾਹਦਾ ਸੰਸਾਰ ਹੈ।
ਆਜਾ ਦੇਹ ਦੀਦਾਰ ਆਕੇ ਆਲਮ ਬੇਕਰਾਰ ਹੈ।

## ਪ੍ਰਭੂ ਜੀ

ਪ੍ਰਭੂ ਜੀ ਤੇਰੇ ਬਿਨਾ ਜੀਣਾ ਮੁਹਾਲ ਹੈ।
ਮੱਥੇ 'ਚ ਅਕਸ ਤੇਰਾ, ਦਿਲ 'ਚ ਖਿਆਲ ਹੈ।

ਜਦ ਤੂੰ ਆਵੇਂ ਤਾਂ ਨਵੇਂ ਫੁੱਲ ਟਹਿਕਦੇ।
ਜਦ ਤੂੰ ਜਾਵੇਂ ਤਾਂ ਕਿਰ ਕਿਰ ਕੇ ਮਹਿਕਦੇ।
ਤੇਰਾ ਆਉਣਾ ਤੇਰਾ ਜਾਣਾ ਦੋਵੇਂ ਹੀ ਕਮਾਲ ਹੈ।
ਪ੍ਰਭੂ ਜੀ ਤੇਰਾ ਬਿਨਾ..................

ਸੁਭਾ ਹੋਵੇ ਜਾ ਹੋਵੇ ਸ਼ਾਮ ਜੀ।
ਤੂੰ ਆਪ ਜਪਾਵੇਂ ਆਪਣਾ ਨਾਮ ਜੀ।
ਆਪੇ ਕਰੇ ਕਰਾਵੇਂ ਮੇਰੀ ਕੀ ਮਜਾਲ ਹੈ।
ਪ੍ਰਭੂ ਜੀ ਤੇਰਾ ਬਿਨਾ..................

ਸੁਹਣੇ ਜੋ ਨਕਸ਼ ਤੇਰੇ ਵਸਲ ਦਾ ਨੂਰ ਹੈ।
ਬਿਰਹਾ 'ਚ ਤੜਪ ਤੇਰੀ, ਮਿਠਾ ਸਰੂਰ ਹੈ।
ਨੈਣਾਂ 'ਚ ਹੈ ਜੋ ਮੇਰੇ, ਤੇਰਾ ਹੀ ਜਲਾਲ ਹੈ।
ਪ੍ਰਭੂ ਜੀ ਤੇਰਾ ਬਿਨਾ.................

ਇਹ ਗੀਤ ਨਹੀ ਦਰਦ ਹੈ, ਯਾਰ ਦਾ।
ਆਲਮ ਕੀ ਜਾਣੇ ਦਰਦ ਪਿਆਰ ਦਾ।
ਤੇਰੇ ਪਿਆਰਿਆਂ ਨੂੰ ਹਰ ਪਲ ਤੇਰੀ ਭਾਲ ਹੈ।

# ਮੈਂ ਕੋਇਲ

ਮੈਂ ਕੋਇਲ ਕੂਹੂ ਕੂਹੂ ਗਾਉਂਦੀ ਹਾਂ।
ਗਾ ਗਾ ਕੇ ਪ੍ਰਭੂ ਰੀਝਾਉਂਦੀ ਹਾਂ।

ਮੈਂ ਪ੍ਰੇਮ ਬ੍ਰਿਹੀ ਦੀ ਜਾਲੀ ਹਾਂ।
ਤਾਂ ਹੀ ਮੈਂ ਰੰਗ ਦੀ ਕਾਲੀ ਹਾਂ।
ਮੈ ਮਾਹੀ ਦੀ ਚਾਹੀ ਭਾਲੀ ਹਾਂ।
ਆਪਣੇ ਪੀਆ ਮਨ ਭਾਉਂਦੀ ਹਾਂ।
ਮੈਂ ਕੋਇਲ ਕੂਹੂ.........................।

ਮੈਂ ਨਾਮ ਮਾਹੀ ਦਾ ਜਪਦੀ ਹਾਂ।
ਨਾ ਅਕਦੀ ਹਾਂ ਨਾ ਥਕਦੀ ਹਾਂ।
ਮੈਂ ਪਲ ਪਲ ਉਡੀਕ 'ਚ ਤਪਦੀ ਹਾਂ।
ਰਾਹਾਂ ਵਿੱਚ ਆਸਾਂ ਦੇ ਪਲ ਪਲ ਦੀਪ ਜਗਾਉਂਦੀ ਹਾਂ।
ਮੈਂ ਕੋਇਲ ਕੂਹੂ.........................।

ਮੈਂ ਸੁਰਾਂ ਦੇ ਸਾਗਰ ਤਰਦੀ ਹਾਂ।
ਮੈਂ ਇਕੋ ਰਾਗ ਤੇ ਮਰਦੀ ਹਾਂ।
ਮੈਂ ਪਿਆਰ ਇਕੋ ਨੂੰ ਕਰਦੀ ਹਾਂ।
ਇਕੋ ਰਾਗ ਨੂੰ ਗਾ ਗਾ ਕੇ, ਆਲਮ ਵਿਚ ਸਮਾਉਂਦੀ ਹਾਂ।
ਮੈਂ ਕੋਇਲ ਕੂਹੂ.........................।

# ਬਿਰਹਾ

ਨਾਨਕ ਸਰ ਨੂੰ ਜਾਂਦੀਏ ਵ੍ਹਾਏ ਨੀ।
ਸਾਡੀ ਬਿਰਹਾ ਤਰਲੇ ਪਾਏ ਨੀ।

ਲੈ ਜਾਹ ਦਰਦ ਨਿਮਾਣੀ ਦਾ।
ਸਾਡਾ ਰਿਸ਼ਤਾ ਮੱਛੀ ਪਾਣੀ ਦਾ।

ਬਿਨ ਪਾਣੀ ਮੱਛੀ ਮਰ ਜਾਂਦੀ ਏ।
ਆਪਣਾ ਜੀਵਨ ਹੀ ਹਰ ਜਾਂਦੀ ਏ।

ਮਰ ਮਰ ਕੇ ਨਿੱਤ ਜੀਂਦੇ ਹਾਂ।
ਖ਼ੂਨ ਜਿਗਰ ਦਾ ਪੀਂਦੇ ਹਾਂ।
ਸਾਡਾ ਮੇਲ ਕੌਣ ਕਰਾਏ ਨੀ।

## ਨਾਮ ਰੰਗੇ, ਪਾਰ ਲੰਘੇ

ਮੌਤ ਤੇ ਡੂੰਘੇ, ਕਾਲੇ ਸਮੁੰਦਰ ਲੱਖਾ ਲੋਕੀ ਖਾ ਲਏ।
ਨਾਮ ਰੰਗੇ, ਪਾਰ ਲੰਘੇ ਜੋ ਵੀ ਤੂੰ ਚਰਨੀ ਲਾ ਲਏ।

ਧੂੰਆਂ ਬਣਕੇ ਰਹਿ ਗਈਏ ਹੀਰੇ ਵਰਗੀ ਜ਼ਿੰਦਗੀ
ਅਕਲ ਵਿਚੋਂ ਇਛਾ ਜੰਮੀ, ਇਛਾਵਾਂ ਨੇ ਜਾਲ ਪਾ ਲਏ।

ਜੱਗ ਬਣਾਕੇ ਸੁਪਨਿਆਂ ਦਾ, ਰੁਲ ਗਿਆ ਏ ਆਦਮੀ,
ਸੁਪਨਿਆਂ ਨੇ ਸਚੇ ਸੱਚੇ, ਸਭ ਇਰਾਦੇ ਢਾ ਲਏ।

ਉਹੀ ਆਲਮ ਉਹੀ ਸੂਰਾ, ਉਹੀ ਪੂਰਾ ਸਤਿਗੁਰੂ,
ਮੌਤ ਦੀ ਇਕ ਯਾਦ ਸੁੱਚੀ ਹਰ ਸਾਹ ਦੇ ਸੀਨੇ ਲਾ ਲਏ।

## ਈਸਾ ਲਾਲ

ਮੇਰੀ ਨੇ ਜੋ ਜੰਮਿਆ ਈਸਾ ਲਾਲ।
ਹੋਰ ਨਾ ਜਗ ਤੇ ਮਿਲੇ ਕੋਈ ਮਿਸਾਲ।

ਹੋਈ ਮਾਂ ਜਗ ਤੇ ਇਕ ਕੁਆਰੀ।
ਰੱਬ ਦੀ ਖਾਸ ਤੇ ਖਾਸ ਪਿਆਰੀ।
ਕਿੰਨੀ ਅਜਬ ਹੈ ਖੇਲ ਨਿਆਰੀ।
ਸਮਝ ਨਾ ਆਵੇ ਰੱਬ ਦੀ ਏਹ ਕਮਾਲ।
ਮੇਰੀ ਨੇ ਜੋ ਜੰਮਿਆ, ਈਸਾ ਲਾਲ।

ਧਰਤੀ ਦੀ ਗੋਦੀ ਅੰਬਰ ਵਸੇ।
ਮੇਰੀ ਦੀ ਗੋਦੀ ਈਸਾ ਹੱਸੇ।
ਚੰਦ ਸੂਰਜ ਉਹਦੇ ਨੈਣੀ ਰਸੇ।
ਸੀਨੇ ਉਹਦੇ ਸਾਗਰ ਦਏ ਉਛਾਲ।
ਮੇਰੀ ਨੇ ਜੋ ਜੰਮਿਆ...........

ਰੀਝਾਂ ਮਨ ਦੀ ਹੋ ਗਈਆਂ ਹਰੀਆਂ।
ਦੇਵ ਦੇਵੀਆਂ ਸ਼ਕਤੀ ਭਰੀਆਂ।
ਅੰਬਰੋਂ ਆਈਆਂ ਸਭੇ ਪਰੀਆਂ।
ਸਾਰਾ ਆਲਮ ਜਗਿਆ ਈਸਾ ਨਾਲ
ਮੇਰੀ ਨੇ ਜੋ ਜੰਮਿਆ...........

## MY LORD

My Dear Lord
Lovely Lovely God

Call Me Call Me
Tell Me Tell Me
Where are you
Where are you
My Dear Lord, My Dear God.

Oh-Ho-Oh-Ho
Nothing I Know
You Are The Only One
To Whom We Bow
My Dear Lord......................

Listen My Voice
If You Like
We Are Your Child
Soft and Mild
Please Save Us - Save Us
The Earth is Wild
To Sing A Song
Do Ding Ding Dong
Be Happy And Gay
Just Pray Pray Pray
My Dear Lord......................

## JESUS

EVERY TIME EVERY WHERE
JESUS HERE AND THERE
JESUS DEAR-JESUS DEAR-JESUS DEAR

HE GAVE US BRAIN
WE SHOULD MAINTAIN
JESUS DEAR............................

HE SUPER WE NONE
HE DOES HE DONE
JESUS DEAR............................

OH MY LORD MAKE ME OWN
CALL ME JESUS ME IS ALONE
JESUS DEAR............................

## GOD

MY GOD JESUS
MY LORD JESUS

MY DEAR JESUS
MY CHEER JESUS

MY DREAM JESUS
MY SLEEP JESUS

MY BREATH JESUS
MY BEAT JESUS

THY THY JESUS
EARTH SKY JESUS

KIND KIND JESUS
ABOVE MIND JESUS

## ਸ਼ਰਧਾ

ਮੇਰੀ ਸ਼ਰਧਾ ਮੇਰਾ ਪਿਆਰ ਹੈ ਜੀਸਸ।
ਮੇਰੀ ਜਾਨ ਮੇਰਾ ਸੰਸਾਰ ਹੈ ਜੀਸਸ।

ਰੱਬ ਦੀ ਆਵਾਜ਼ ਹੈ ਜੀਸਸ।
ਦੀਨਾਂ ਦਾ ਇਲਾਜ਼ ਹੈ ਜੀਸਸ।
ਦੇਵਾਂ ਦਾ ਸਿਰਤਾਜ਼ ਹੈ ਜੀਸਸ।
ਗਰੀਬਾਂ ਦਾ ਨਾਜ਼ ਹੈ ਜੀਸਸ।
ਆਪੇ ਜਿੱਤ ਆਪ ਹਾਰ ਹੈ ਜੀਸਸ।
ਮੇਰੀ ਸ਼ਰਧਾ ਮੇਰਾ ਪਿਆਰ.......................

ਸੰਤ ਪੁਰਖ ਮਹਾਨ ਹੈ ਜੀਸਸ।
ਆਜ਼ਾਦੀ ਦਾ ਗਿਆਨ ਹੈ ਜੀਸਸ।
ਹਿੰਦੂ ਸਿਖ ਮੁਸਲਮਾਨ ਹੈ ਜੀਸਸ।
ਧਰਤੀ ਅਤੇ ਅਸਮਾਨ ਹੈ ਜੀਸਸ।
ਆਲਮ ਸਾਰੇ ਦੀ ਤਾਰ ਹੈ ਜੀਸਸ।

ਮੇਰੀ ਸ਼ਰਧਾ ਮੇਰਾ ਪਿਆਰ ਹੈ ਜੀਸਸ।
ਮੇਰੀ ਜਾਨ ਮੇਰਾ ਸੰਸਾਰ ਹੈ ਜੀਸਸ।

ਸਰਧਾ ਦੀ ਵੱਡੀ ਕਰਾਮਾਤ ਤੇ ਸਚੇ ਤੈਰੇ

ਜਾਣੋ ਜੀ, ਪਰ ਕੋਈ ਸਾਧੀਆਂ ਕਿ ਕੇ

ਕਰਾਮਾਤੀ, ਜਿਸ ਪ੍ਰਕਾਰ ਦੇ ਰੂਹ ਸਾਈਆਂ ਤੋਂ

ਪ੍ਰਕਾਸ਼ ਬਾਣੂ ਦੀ 'ਦੇ' ... ਹੋ ... ; ਤਾਂ

ਸਬਰ-ਪਿਆਰ ਇਕ ਸਤੀ ਸਾਦ ਤਿ. ਕੇ, ਪਿੱਛੋਂ

ਓਹ ਇਕ ਆਦਮ ਪੱਧਰ ਰਹ ਸਾਦਗੀ।

ਤੇ ਤੇ ਸਾਦਗੀ ਹਿ ਕਰਾਮਾਤ ਦੀ ਸ਼ਾਨ


ਓਹ ਕੋਏ ਤਿਦੇ ਆਖੇਂਗਾ ਓ ਦੋ ਕੇ

ਰਈਆਂ ਵੀ ਇਕ ਲਗ ਜਾਏ---

ਤੇ ਪਰੋਂ ਤੋਂ ਦੀ ਰਾਹੀਆ ਇਕ ਦੇਣ

ਤੱਤ ਜਾਗ ਜਾਵੇ!

— ਤਾਰਾ ਸਿੰਘ



Dr. Tara Singh 'Aalam'